# ਰੇਡੀਓ ਲੜੀਵਾਰ: ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 40 'ਜਲ ਚੱਕਰ ਅਤੇ ਮੌਨਸੂਨ ਦਾ ਬਦਲਦਾ ਸਰੂਪ'

## Changing Monsoon Pattern and Rain Cycle

ਮੁੱਖ ਖੋਜ ਅਤੇ ਲੇਖਣ: ਸ਼੍ਰੀ ਹੇਮੰਤ ਲਾਗਵਨਕਰ
ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

This episode depicts how climate change and global warming have affected our monsoon pattern and rain cycle. It has been discussed that as a result of global warming, the world's climate is changing and its effect is being observed and felt the world over and that one of the most important parameters of climate is rainfall. Just as there is a direct relationship between climate and agriculture, so is there one between rainfall and agriculture. So when rainfall patterns change, its effect is directly felt on cropping patterns worldwide. The changing rainfall pattern in India is a huge concern as the country's water and food security is at a risk. Changes in climate over the Indian region, particularly during the southwest monsoon, would have a significant impact on agricultural production, water resources management and overall economy of the country. It also describes mitigation measures for the same and also educates the public not to go behind superstitions on these issues.

ਇਹ ਕੜੀ ਦਰਸਾਉਂਦੀ ਹੈ ਕਿ ਕਿਵੇਂ ਗਲੋਬਲ ਵਾਰਮਿੰਗ ਅਤੇ ਵਾਤਾਵਰਨ 'ਚ ਹੋ ਰਹੇ ਬਦਲਾਅ ਸਾਡੀ ਮੌਨਸੂਨ ਦੇ ਤੌਰ ਤਰੀਕਿਆਂ ਨੂੰ ਅਤੇ ਵਰਖਾ ਚੱਕਰ ਨੂੰ ਪ੍ਰਭਾਵਤ ਕਰਦੇ ਹਨ। ਇਹ ਵੀ ਚਰਚਾ ਕੀਤੀ ਗਈ ਹੈ ਕਿ ਅੱਜ ਪੂਰੇ ਵਿਸ਼ਵ 'ਚ ਆਲਮੀ ਤਪਸ਼ ਕਾਰਨ ਬਦਲਦੀਆਂ ਫਿਜ਼ਾਵਾਂ ਦੇ ਬੁਰੇ ਪ੍ਰਭਾਵ ਨੂੰ ਵੇਖਿਆ ਤੇ ਮਹਿਸੂਸ ਕੀਤਾ ਜਾ ਰਿਹਾ ਹੈ। ਇਹ ਵੀ ਕੇਂਦ੍ਰਤ ਹੋਇਆ ਹੈ ਕਿ ਜਲਵਾਯੂ ਦਾ ਸੱਭ ਤੋਂ ਮਹੱਤਵਪੂਰਨ ਪੈਮਾਨਾ ਹੈ ਵਰਖਾ ਦੀ ਮਾਤਰਾ ਅਤੇ ਇਸ ਮਾਤਰਾ ਦਾ ਖੇਤੀ ਨਾਲ ਉਹੀ ਸਬੰਧ ਹੈ ਜਿਹੜਾ ਕਿ ਖੇਤੀ ਦਾ ਜਲਵਾਯੂ ਨਾਲ ਹੈ! ਇਸ ਬਦਲਾਅ ਨੂੰ ਸਾਰੇ ਸੰਸਾਰ ਵਿੱਚ ਵੇਖਿਆ ਜਾ ਸਕਦਾ ਹੈ। ਇਸ ਲਈ ਜਲ ਚੱਕਰ 'ਚ ਬਦਲਾਅ ਦਾ ਮਤਲਬ ਹੈ - ਸਿੱਧਾ-ਸਿੱਧਾ ਫ਼ਸਲ ਚੱਕਰ 'ਚ ਬਦਲਾਅ... ਇਹ ਵੀ ਚਰਚਾ ਹੋਈ ਹੈ ਕਿ ਭਾਰਤ ਵਿੱਚ ਜਲ ਚੱਕਰ ਵਿਚ ਹੋ ਰਹੇ ਬਦਲਾਅ ਦਾ ਸਿੱਧਾ ਪ੍ਰਭਾਵ ਸਾਡੀ ਅਰਥ ਵਿਵਸਥਾ 'ਤੇ ਪੈਂਦਾ ਹੈ। ਇਨ੍ਹਾਂ ਬਦਲਾਵਾਂ ਨੂੰ ਰੋਕਣ ਲਈ ਅਤੇ ਇਨ੍ਹਾਂ ਕਾਰਨ ਪੈਦਾ ਹੁੰਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਵੀ ਇਸ ਵਾਰਤਾਲਾਪ ਵਿੱਚ ਨੁਕਤੇ ਦੱਸੇ ਗਏ ਹਨ ਅਤੇ ਇਹ ਸੁਝਾਅ ਵੀ ਦਿੱਤਾ ਹੈ ਕਿ ਲੋਕ ਇਨ੍ਹਾਂ ਮਾਮਲਿਆਂ 'ਤੇ ਵਹਿਮਾਂ ਭਰਮਾਂ ਵਿੱਚ ਨਾ ਪੈਣ!

### ਪਾਤਰ

**ਰਾਧੇਸ਼ਾਮ ਬਾਬਾ** : 50 ਸਾਲ - ਪਾਖੰਡੀ ਬਾਬਾ

**ਚੇਲਾ** : 30-35 ਸਾਲ ਪਿੰਡ ਵਾਲਾ

**ਮਹੀਪਾਲ** : 40 ਸਾਲ ਪਿੰਡ ਵਾਸੀ

**ਸੁਰਿੰਦਰ** : 40-50 ਸਾਲ ਕਿਸਾਨ

ਸੁਨੀਤਾ : 35-40 ਸਾਲ ਸੁਰਿੰਦਰ ਦੀ ਪਤਨੀ

ਡਾ. ਪ੍ਰਤਾਪ : 45 ਸਾਲ ਮੌਸਮ ਵਿਗਿਆਨੀ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ……

**ਸੰਗੀਤ……**

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਚਾਲੀਵੀਂ ਕੜੀ "ਜਲ ਚੱਕਰ ਅਤੇ ਮੌਨਸੂਨ ਦਾ ਬਦਲਦਾ ਸਰੂਪ"।**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ …ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ **ਚਾਲੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ ਪਿਛਲੀ ਕੜੀ, '**ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਦਾ ਭੂਮੀ ਦੇ ਖਾਰੇਪਣ ਅਤੇ ਖੇਤੀਬਾੜੀ 'ਤੇ ਪ੍ਰਭਾਵ...**' ਵਿੱਚ ਸੁਣਾਈ ਸੀ ਅਸੀਂ ਕਹਾਣੀ ਬਦਲਦੀਆਂ ਫਿਜ਼ਾਵਾਂ ਕਾਰਨ ਹੋ ਰਹੇ ਭੂਮੀ ਦੇ ਖਾਰੇਪਣ ਦੀ ਅਤੇ ਉਸ ਖਾਰੇਪਨ ਦੇ ਖੇਤੀ 'ਤੇ ਪ੍ਰਭਾਵਾਂ ਦੀ! ਇਸ ਖਾਰੇਪਣ ਦੇ ਅੱਗੇ ਤੱਟੀ ਇਲਾਕਿਆਂ ਵਿੱਚ ਪਾਣੀ ਤੇ ਭੋਜਨ ਉਪਲਬਧੀ 'ਤੇ ਭੋਜਨ ਸੁਰੱਖਿਆ ਦੇ ਮੁੱਦਿਆਂ ਨੂੰ ਪ੍ਰਭਾਵਿਤ ਕਰਨ ਦੀਸਮਰੱਥਾ 'ਤੇ ਚਰਚਾ ਹੈ। ਇਹ ਕੜੀ ਭੂਮੀ ਦੇ ਖਾਰੇਪਣ ਤੇ ਨਾਜ਼ੁਕਤਾ ਉੱਤੇ ਜਲਵਾਯੂ-ਬਦਲਾਅ ਕਾਰਨ ਪੈਣ ਵਾਲੇ ਪ੍ਰਭਾਵਾਂ ਅਤੇ ਬਚਾਅ-ਉਪਾਵਾਂ ਸਬੰਧੀ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਨੁਕਤੇ ਪੇਸ਼ ਕਰਦੀ ਹੈ!

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਕਾਰਨ ਕਿਵੇਂ ਪੈ ਰਿਹਾ ਹੈ ਪ੍ਰਭਾਵ ਸਾਡੀ ਜ਼ਮੀਨ ਦੀ ਸਿਹਤ 'ਤੇ ਅਤੇ ਪੈਦਾ ਹੋ ਰਿਹਾ ਹੈ ਖਾਰਾ ਸੋਡਾਪਣ ਅਤੇ ਤੇਜ਼ਾਬੀਪਣ ਵੀ!

**ਮਰਦ ਸੂਤਰਧਾਰ** : ਮਾਹਰਾਂ ਦੇ ਵਿਚਾਰਾਂ ਅਤੇ ਤਰਕ ਵਿਤਰਕ ਤੋਂ ਬਾਅਦ ਪਤਾ ਚੱਲਿਆ ਸੀ ਇਸ ਸਾਰੇ ਬਦਲਾਅ ਪਿਛੇ ਕੰਮ ਕਰਦੀ ਵਿਗਿਆਨ ਦਾ ਅਤੇ ਵਿਗਿਆਨਿਕ ਸਿਧਾਂਤਾਂ ਦਾ!

**ਔਰਤ ਸੂਤਰਧਾਰ** : ਗੱਲ ਹੋਈ ਸੀ ਸਰਕਾਰੀ ਅਧਿਕਾਰੀਆਂ, ਮਾਹਰਾਂ ਅਤੇ ਕਿਸਾਨਾਂ-ਮਜਦੂਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਇਨ੍ਹਾਂ ਬਦਲਾਵਾਂ ਦੇ ਮੁੱਖ ਕਾਰਨਾਂ ਅਤੇ ਕਾਰਕਾਂ ਦੀ!

**ਮਰਦ ਸੂਤਰਧਾਰ** : ਗੱਲ ਕੀਤੀ ਸੀ ਖੁਲ੍ਹ ਕੇ ਸਾਡੀ ਜ਼ਮੀਨ 'ਤੇ ਪੈ ਰਹੇ ਪ੍ਰਭਾਵਾਂ ਦੇ ਉਪਚਾਰ ਵਾਸਤੇ ਕੀਤੇ ਜਾਣ ਵਾਲੇ ਉਪਾਵਾਂ ਬਾਬਤ ਵੀ!

**ਔਰਤ ਸੂਤਰਧਾਰ** : ਸੁਣੇ ਸਨ ਅਸੀਂ ਉਹ ਨੁਕਤੇ ਵੀ ਕਿ ਕਿਵੇਂ ਸਮੁੰਦਰੀ ਜਲ ਦੇ ਵਧਦੇ ਖਾਰੇਪਣ ਦਾ ਪਵੇਗਾ ਪ੍ਰਭਾਵ ਸਾਡੀ ਜ਼ਮੀਨ ਦੇ ਖਾਰੇਪਣ 'ਤੇ ਵੀ!

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਸਮੁੰਦਰੀ ਜਲ ਦਾ ਵਧਦਾ ਪੱਧਰ ਵੀ ਨੁਕਸਾਨਦਾਇਕ ਹੈ ਸਾਡੀ ਜ਼ਮੀਨ ਦੀ ਸਿਹਤ ਦੇ ਲਈ!

**ਔਰਤ ਸੂਤਰਧਾਰ :** ਗੱਲ ਤਾਂ ਇਹ ਵੀ ਹੋਈ ਸੀ ਕਿ ਸਾਡੀ ਭੂਮੀ ਦੀ ਤਾਸੀਰ ਬਦਲਣ ਦਾ ਕੀ ਪਵੇਗਾ ਅਸਰ ਸਾਡੇ ਖੇਤੀ ਦੇ ਉਤਪਾਦਨ ‘ਤੇ ਅਤੇ ਕੀ ਹੋਣਗੇ ਸਿੱਟੇ ਉਸ ਪ੍ਰਭਾਵ ਦੇ ਸਾਡੇ ਮੁਲਕ ਦੇ ਅਵਾਮ ਦੇ ਵਾਸਤੇ!

**ਮਰਦ ਸੂਤਰਧਾਰ :** ਹੋਈ ਸੀ ਚਰਚਾ ਕਿ ਕਿਵੇਂ ਇਸ ਖਾਰੇ ਪਣ ਦੇ ਅੱਗੇ ਜਾ ਕੇ ਤੱਟ ਵਰਤੀ ਇਲਾਕਿਆਂ ਵਿੱਚ ਪਾਣੀ ਅਤੇ ਭੋਜਨ ਉਪਲਬਧੀ ਤੇ ਭੋਜਨ ਸੁਰੱਖਿਆ ਦੇ ਮੁੱਦਿਆਂ ‘ਤੇ ਪੈਣਗੇ ਪ੍ਰਭਾਵ!

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਭੂਮੀ ਦੇ ਖਾਰੇਪਣ ਕਾਰਨ ਸਾਡੀ ਜ਼ਮੀਨ ਨਹੀਂ ਰਹੇਗੀ ਕਾਬਲ ਕਈ ਪ੍ਰਕਾਰ ਦੀਆਂ ਅੰਨ ਦੀਆਂ ਫਸਲਾਂ ਨੂੰ ਉਗਾਉਣ ਦੇ! ਪਰ ਰਾਈ ਤੇ ਗੋਭੀ ਵਰਗੀਆਂ ਫਸਲਾਂ ਤਾਂ ਦਰਮਿਆਨੀ ਖਾਰੀ ਭੂਮੀ ਵਿੱਚ ਵੀ ਹੋ ਜਾਂਦੀਆਂ ਨੇ!

**ਮਰਦ ਸੂਤਰਧਾਰ :** ਸੁਣ ਲਿਆ ਸੀ ਤੁਸੀਂ ਵਿਗਿਆਨਿਕ ਨਿਯਮ ਵੀ ਕਿ ਪੌਦੇ ਲੈਂਦੇ ਨੇ ਕਾਰਬਨ ਡਾਈਅਕਸਾਈਡ ਹਵਾ ਵਿੱਚੋਂ ਆਪਣੇ ਭੋਜਨ ਦੇ ਲਈ ਪਰ ਇੱਕ ਹੱਦ ਤੋਂ ਵੱਧ ਹੋਣ ‘ਤੇ ਇਹੀ ਕਾਰਬਨ ਡਾਈਅਕਸਾਈਡ ਬਣ ਜਾਂਦੀ ਹੈ ਸਰਾਪ ਉਨ੍ਹਾਂ ਦੇ ਲਈ!

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਹਵਾ ਦੀ ਨਾਈਟਰੋਜਨ ਨੂੰ ਲੈਣ ਵਾਸਤੇ ਪੌਦਿਆਂ ਨੂੰ ਲੈਣਾ ਪੈਂਦਾ ਹੈ ਸੂਖਜੀਵੀਆਂ ਦਾ ਸਹਾਰਾ!

**ਮਰਦ ਸੂਤਰਧਾਰ :** ਸੁਣ ਲਿਆ ਸੀ ਅਸੀਂ ਇਹ ਵੀ ਕਿ ਕਿਵੇਂ ਪ੍ਰਯੋਗਸ਼ਾਲਾ ਵਿੱਚ ਮਿੱਟੀ ਦੇ ਨਮੂਨਿਆਂ ਦੀ ਜਾਂਚ ਕਰਵਾ ਕੇ ਸਾਨੂੰ ਪਤਾ ਚੱਲ ਜਾਂਦਾ ਹੈ ਕਿ ਕਿੰਨੇ ਕੁ ਹਨ ਜੈਵਿਕ ਤੇ ਨਿਰਜੀਵ ਪਦਾਰਥ ਸਾਡੀ ਮਿੱਟੀ ਵਿੱਚ!

**ਔਰਤ ਸੂਤਰਾਧਾਰ :** ਹੋਈ ਸੀ ਗੱਲ ਕਿ ਕਿਵੇਂ ਮਿੱਟੀ ਦੇ ਖਾਰੇਪਨ ਨੂੰ ਘਟਾਉਣ ਵਾਸਤੇ, ਰੇਤ ਮਿਲਾਉਣਾ, ਪਾਣੀ ਖੜ੍ਹਾ ਕੇ ਲਵਣਾਂ ਨੂੰ ਨੀਚੇ ਭੇਜਣਾ, ਜਿਪਸਮ ਪਾਉਣਾ ਸਹਾਈ ਹੋ ਸਕਦਾ ਹੈ!

**ਮਰਦ ਸੂਤਰਧਾਰ :** ਦੋਸਤੋ, ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਜਲਵਾਯੂ ਬਦਲਾਅ ਕਾਰਨ ਸਾਡੀਆਂ ਮੌਨਸੂਨ ਪੌਣਾਂ ਵਿੱਚ ਆਉਣ ਵਾਲੇ ਬਦਲਾਵਾਂ ਦੀ ਤੇ ਉਨ੍ਹਾਂ ਦੇ ਫਲਸਰੂਪ ਜਲ ਚੱਕਰ ਦੇ ਬਦਲਾਵਾਂ ਦੀ!

**ਔਰਤ ਸੂਤਰਾਧਾਰ :** ਲਓ ਸੁਣੋ ਇਸ ਨਵੇਂ ਲੜੀਵਾਰ **‘ਕਿਉਂ ਬਦਲ ਰਹੀ ਹੈਂ ਫਿਜ਼ਾਏਂ’** ਦੀ ਚਾਲੀਵੀਂ ਕੜੀ **“ਜਲ ਚੱਕਰ ਅਤੇ ਮੌਨਸੂਨ ਦਾ ਬਦਲਦਾ ਸਰੂਪ”**! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

……**ਲੜੀਵਾਰ ਦੀ ਧੁਨ**……

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪਹਿਲਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਪਿੰਡ ਦੀ ਧਰਮਸ਼ਾਲਾ/ਭਜਨ ਚੱਲ ਰਿਹਾ ਹੈ। ਲੋਕਾਂ ਦਾ ਸ਼ੋਰ/ਰਾਧੇਸ਼ਾਮ ਬਾਬਾ ਦਾ ਪ੍ਰਵਚਨ...)**

ਰਾਧੇ ਕ੍ਰਿਸ਼ਨ ਹਰੀ ਹਰੀ ਮੁਕੰਦ ਬਿਹਾਰੀ....

ਰਾਧੇ – ਕ੍ਰਿਸ਼ਨ– ਗੋਪਾਲ ਕ੍ਰਿਸ਼ਨਾ – ਮੁਕੰਦ ਬਿਹਾਰੀ..

ਰਾਮ ਹਰੇ... ਹਰੇ ਰਾਮ..

ਕ੍ਰਿਸ਼ਨਾ... ਹਰੇ.. ਹਰੇ.. ਕ੍ਰਿਸ਼ਨਾ...

**ਚੇਲਾ/ਸਾਰੇ ਇਕੱਠੇ ਭਜਨ.. ਗਾਉਂਦੇ ਹਨ।**

ਬੋਲੋ ਸ੍ਰੀ ਗੋਪਾਲ ਕ੍ਰਿਸ਼ਨ ਦੀ ਜੈ....

**## ਧੁਨੀ ਪ੍ਰਭਾਵ ##**

**ਚੇਲਾ** : ਮੈਂ ਜਾਣਦਾ ਹਾਂ ਕਿ ਤੁਸੀਂ ਸਾਰੇ ਇੱਥੇ ਮਹਾਂਗਿਆਨੀ - ਮਹਾਤਮਾ ਬਾਬਾ ਜੀ ਨੂੰ ਸੁਣਨ ਦੇ ਲਈ ਦੂਰ-ਦੂਰ ਤੋਂ ਆਏ ਹੋ।

**ਮਹੀਪਾਲ** : ਬੋਲੋ ਸ੍ਰੀ ਰਾਧੇਸ਼ਾਮ ਬਾਬਾ ਦੀ.......... ਜੈ **(ਸਾਰੇ ਇਕੱਠੇ)**

**ਚੇਲਾ** : ਹੁਣ, ਮੈਂ ਤੁਹਾਡੇ ਲੋਕਾਂ 'ਚ ਤੇ ਬਾਬਾ ਜੀ ਦਰਮਿਆਨ ਦੀਵਾਰ ਬਣ ਕੇ ਨਹੀਂ ਖੜ੍ਹਾ ਰਹਿਣਾ ਚਾਹੁੰਦਾ! ਮਹਾਰਾਜ ਜੀ ਆ ਚੁੱਕੇ ਹਨ। ਜ਼ੋਰਦਾਰ- ਸਵਾਗਤ...

**# ਧੁਨੀ ਪ੍ਰਭਾਵ/ਜੈਕਾਰਿਆਂ ਦੀ ਗੂੰਜ ##**

ਹੁਣ ਬਾਬਾ ਜੀ ਸ੍ਰੀ ਸ੍ਰੀ 1008 ਮਹਾਤਮਾ ਰਾਧੇਸ਼ਾਮ ਜੀ ਆਪਣੇ ਬਚਨਾਂ ਨਾਲ ਤੁਹਾਡਾ ਸਾਰਿਆਂ ਦਾ ਪਾਰ ਉਤਾਰਾ ਕਰਨਗੇ ......... ਬੋਲੋ ਬਾਬਾ (ਸਾਰੇ ਇਕੱਠੇ) ਦੀ ਜੈ।

**ਬਾਬਾ** : **(ਹੈਰਾਨੀ ਨਾਲ, ਭਗਤੀ ਭਾਵ ਨਾਲ)**.......ਸ਼ਿਵਾਏ ਓਮ... ਸ਼ਿਵਾਏ ਓਮ.. ਨਮ....ਓਮ ਭਗਤੋ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਕਿੰਨੇ ਭਾਗਾਂ ਵਾਲੇ ਹੋ। ਭਗਵਾਨ ਸ਼ਿਵ ਖ਼ੁਦ ਤੁਹਾਡੇ ਨਾਲ ਇਸ ਪ੍ਰਵਚਨ ਨੂੰ ਸੁਣਨ ਦੇ ਲਈ ਆਏ ਹੋਏ ਹਨ। ਤੁਸੀਂ ਉਨ੍ਹਾਂ ਨੂੰ ਨਹੀਂ ਵੇਖ ਸਕਦੇ ਪਰ ਉਹ ਤੁਹਾਨੂੰ ਸਾਰਿਆਂ ਨੂੰ ਆਸ਼ੀਰਵਾਦ ਦੀ ਵਰਖਾ ਕਰ ਰਹੇ ਹਨ। ਜੈ ਹੋ ਪ੍ਰਭੂ ਜੈ ਹੋ..

**(ਸਾਰੇ ਆਪਸ ਵਿਚ ਕਾਨਾਫੂਸੀ ਕਰਦੇ ਹਨ)**

**ਬਾਬਾ** : **(ਹੱਸਦੇ ਹਨ)** ਇਹ ਕੀ? ਤੁਸੀਂ ਭਗਵਾਨ ਨੂੰ ਨਹੀਂ ਵੇਖ ਸਕਦੇ। ਪਰ ਮੈਂ ਉਨ੍ਹਾਂ ਨੂੰ ਵੇਖ ਰਿਹਾ ਹਾਂ... ਮੁਖ ਮੰਡਲ 'ਤੇ ਚਮਕ ਸਾਰਾ ਆਭਾਮੰਡਲ ਪ੍ਰਕਾਸ਼ਮਾਨ ਹੋ ਰਿਹਾ ਹੈ... ਓਮ ਨਮ ਸ਼ਿਵਾਏ ......... ਸ਼ਿਵ ਦਾ ਆਸ਼ੀਰਵਾਦ ਸਾਡੇ ਸਾਰਿਆਂ ਨਾਲ ਹੈ। ਇਸ ਲਈ ਸ਼ਿਵ ਭਗਤੋ ਡਰੋ ਨਾ। ਭਗਵਾਨ ਦਾ ਹੱਥ ਤੁਹਾਡੇ ਸਾਰਿਆਂ ਦੇ ਸਿਰ 'ਤੇ ਹੈ। ਸਾਰੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ।

**ਸੁਰਿੰਦਰ** : ਬਾਬਾ ਜੀ! ਸਾਡੀ ਤਾਂ ਇਕ ਹੀ ਸਮੱਸਿਆ ਹੈ ਅਤੇ ਉਹ ਹੈ - ਮੀਂਹ ਦਾ ਨਾ ਪੈਣਾ।

**ਬਾਬਾ** : **(ਚਾਰੇ ਪਾਸੇ ਵੇਖਦੇ ਹੋਏ)** ਕੀ ਕਿਹਾ ਕਿਸ ਨੇ ਕਿਹਾ ਮੀਂਹ ਦੀ ਸਮੱਸਿਆ ਹੈ?

**ਸੁਰਿੰਦਰ** : **(ਭੈਅ ਨਾਲ)** ਮਾਫ਼ ਕਰਨਾ ਬਾਬਾ! ਮੈਂ ਹੀ ਸਵਾਲ ਪੁੱਛਿਆ ਸੀ। ਤੁਸੀਂ ਕਿਹਾ ਸੀ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ।

**ਬਾਬਾ** : ਇਹ ਐਨਾ ਜ਼ਰੂਰੀ ਨਹੀਂ। ਛੋਟੀ ਜਿਹੀ ਗੱਲ ਹੈ।

**ਸੁਰਿੰਦਰ** : ਪਰ ਬਾਬਾ ਅੱਜ ਸਾਡੇ ਲਈ ਇਹੀ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਤੁਸੀਂ ਹੀ ਕਿਹਾ ਹੈ, ਇੱਥੇ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ।

**ਬਾਬਾ** : **(ਭਾਰੀ ਅਵਾਜ਼ 'ਚ)** ਕੀ ਤੈਨੂੰ ਮੇਰੇ 'ਤੇ ਯਕੀਨ ਨਹੀਂ?

ਸੁਰਿੰਦਰ : ਨਹੀਂ ਬਾਬਾ! ਅਜਿਹੀ ਗੱਲ ਨਹੀਂ?

ਬਾਬਾ : (**ਗੁੱਸੇ 'ਚ**) ਕੀ ਗੱਲ ਨਹੀਂ। ਕੌਣ ਏਂ ਅਤੇ ਕਿੱਥੋਂ ਆਇਆ ਹੈਂ? ਕੀ ਕੰਮ ਕਰਦਾ ਹੈਂ?

ਸੁਰਿੰਦਰ : ਬਾਬਾ, ਮੈਂ ਇਕ ਕਿਸਾਨ ਹਾਂ।

ਬਾਬਾ : ਹੂੰ................

ਸੁਰਿੰਦਰ : ਇਸ ਲਈ, ਬਾਬਾ, ਮੈਂ ਪ੍ਰੇਸ਼ਾਨ ਹਾਂ। ਮੀਂਹ ਨਹੀਂ ਪੈ ਰਿਹਾ। ਫਸਲਾਂ ਸੁੱਕ ਰਹੀਆਂ ਹਨ ਅਤੇ ਕੁਝ ਦੇਰ ਹੋਰ ਹੋਈ ਤਾਂ ਸਾਰਾ ਕੁਝ ਤਬਾਹ ਹੋ ਜਾਵੇਗਾ।

ਬਾਬਾ : ਕੀ ਤੁਸੀਂ ਸੋਚਦੇ ਹੋ ਮੈਨੂੰ ਇਹ ਪਤਾ ਨਹੀਂ ਹੈ। ਮੈਂ ਸਭ ਕੁਝ ਜਾਣਦਾ ਹਾਂ। ਜੇਕਰ ਮੈਂ ਇੱਥੇ ਨਾ ਵੀ ਹੁੰਦਾ ਤਾਂ ਵੀ ਮੈਂ ਸਭ ਕੁਝ ਜਾਣ ਲੈਂਦਾ।

ਚੇਲਾ : ਬੋਲੋ ਰਾਧੇ ਬਾਬਾ ਦੀ (**ਸਮੂਹ 'ਚ ਇਕੱਠੇ**)..... ਜੈ

ਬਾਬਾ : ਮੇਰੇ ਭਗਤੋ, ਸੁਣੋ। ਤੁਹਾਡੀਆਂ ਸਾਰੀਆਂ ਸਮੱਸਿਆਵਾਂ ਨੂੰ ਮੈਂ ਜਾਣਦਾ ਹਾਂ ਅਤੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਸਮੱਸਿਆਵਾਂ ਤੁਹਾਡੇ ਜੀਵਨ 'ਚੋਂ ਖ਼ਤਮ ਹੋ ਜਾਣਗੀਆਂ। ਪਰ....

ਮਹੀਪਾਲ : (**ਜਗਿਆਸਾ ਨਾਲ**) ਪਰ ਕੀ ਕਰਨਾ ਹੋਵੇਗਾ ਬਾਬਾ?

ਬਾਬਾ : ਇਸ ਦੇ ਲਈ, ਤੁਹਾਨੂੰ ਆਪਣੇ-ਆਪ ਨੂੰ ਭਗਵਾਨ ਸ਼ਿਵ ਨੂੰ ਸਮਰਪਿਤ ਕਰਨਾ ਹੋਵੇਗਾ।

ਸਾਰੇ ਇਕੱਠੇ : ਅਸੀਂ ਤਿਆਰ ਹਾਂ ਬਾਬਾ!

ਬਾਬਾ : ਚੰਗਾ ਫਿਰ ਸੁਣੋ। ਇਸ ਦੇ ਲਈ ਤੁਹਾਨੂੰ, ਭਗਵਾਨ ਸ਼ਿਵ ਨੂੰ ਕੁਝ ਚੜ੍ਹਾਵਾ ਦੇਣਾ ਹੋਵੇਗਾ। ਕੀ ਤੁਹਾਡੇ 'ਚੋਂ ਕੋਈ ਇਸ ਦੀ ਜ਼ਿੰਮੇਵਾਰੀ ਲੈ ਸਕਦਾ ਹੈ ....ਤੁਸੀਂ .........ਹਾਂ ਤੁਸੀਂ ਮਹੀਪਾਲ!

ਮਹੀਪਾਲ : (**ਹੈਰਾਨੀ ਨਾਲ**) ਬਾਬਾ! ਤੁਸੀਂ ਮੇਰਾ ਨਾਂ ਜਾਣਦੇ ਹੋ।

ਬਾਬਾ : (**ਹੱਸਦੇ ਹੋਏ**) ਮੈਂ ਸਭ ਕੁਝ ਜਾਣਦਾ ਹਾਂ।

ਮਹੀਪਾਲ : ਇਹ ਤਾਂ ਮੇਰੇ ਭਾਗ ਹਨ ਬਾਬਾ। ਬਾਬਾ ਕੁੱਝ ਸਮਝਾਉਂਦਾ ਹੈ!

ਬਾਬਾ : ਸੋਮਵਾਰ ਨੂੰ, ਦੁੱਧ, ਘੀ, ਚੀਨੀ, ਸ਼ਹਿਦ, ਆਟਾ ਸਾਰੀਆਂ ਚੀਜ਼ਾਂ ਜਿਵੇਂ ਦੱਸਿਆ ਹੈ ਇਕੱਠੀਆਂ ਕਰਕੇ ਇੱਥੇ ਪਹੁੰਚੋ।

ਮਹੀਪਾਲ : ਸੱਤ ਬਚਨ ਬਾਬਾ! ਇਸ ਸਾਰਾ ਕੰਮ ਹੋ ਗਿਆ ਸਮਝੋ।

ਬਾਬਾ : ਪਰ ਧਿਆਨ ਰਹੇ...

ਮਹੀਪਾਲ : ਉਹ ਕੀ ਬਾਬਾ?

ਬਾਬਾ : ਸਾਰੀਆਂ ਚੀਜ਼ਾਂ ਦਾ ਵਜਨ 16-16 ਕਿਲੋਗ੍ਰਾਮ ਹੋਣਾ ਚਾਹੀਦਾ ਹੈ।

ਸਾਰੇ ਇਕੱਠੇ : (**ਹੈਰਾਨੀ ਨਾਲ**) 16-16 ਕਿਲੋਗ੍ਰਾਮ ਉਹ ਵੀ ਠੀਕ ਮਾਤਰਾ 'ਚ!

ਬਾਬਾ : ਹਾਂ.. ਜੇਕਰ ਅਜਿਹਾ ਨਹੀਂ ਹੋਇਆ ਤਾਂ ਤੁਹਾਡੀਆਂ ਇੱਛਾਵਾਂ ਪੂਰੀਆਂ ਨਹੀਂ ਹੋਣਗੀਆਂ।

ਮਹੀਪਾਲ : ਸੱਤ ਬਚਨ ਬਾਬਾ! ਅਜਿਹਾ ਹੀ ਹੋਵੇਗਾ ਚਿੰਤਾ ਨਾ ਕਰੋ..

ਬਾਬਾ : (**ਹੱਸਦੇ ਹੋਏ**) ਚਿੰਤਾ ਨਾ ਕਰੋ। ਇਹ ਤਾਂ ਸਾਰਾ ਕੁੱਝ ਤੁਹਾਡੇ ਲਈ ਹੀ ਹੈ।

ਮਹੀਪਾਲ : ਧੰਨ ਹੋ ਬਾਬਾ! ਕ੍ਰਿਪਾ ਹੈ ਮਹਾਂ ਪੁਰਸ਼ਾਂ ਦੀ!

ਬਾਬਾ : ਹਾਂ.. ਇਕ ਗੱਲ ਦਾ ਹੋਰ ਧਿਆਨ ਰੱਖਣਾ।

ਮਹੀਪਾਲ : ਉਹ ਕੀ ਬਾਬਾ?

ਬਾਬਾ : ਤੁਸੀਂ 16 ਹਜ਼ਾਰ ਰੁਪਏ ਵੀ ਇਕੱਠੇ ਕਰਨੇ ਹੋਣਗੇ।

ਸਾਰੇ : 16 ਹਜ਼ਾਰ ਰੁਪਏ.. ! ਉਹ ਕਿੱਥੋਂ ਆਉਣਗੇ?

ਬਾਬਾ : ਹਾਂ ਸਾਰੇ ਮਿਲ ਕੇ ਇਸ ਰਾਸ਼ੀ ਨੂੰ ਇਕੱਠਾ ਕਰ ਸਕਦੇ ਹੋ। ਆਖਿਰ ਮੀਂਹ 'ਤੇ ਫਸਲ ਦਾ ਮਾਮਲਾ ਹੈ।

ਮਹੀਪਾਲ : ਬਾਬਾ, ਜਿਵੇਂ ਵੀ ਹੋਵੇ, ਅਸੀਂ ਕਿਸੇ ਨਾ ਕਿਸੇ ਤਰ੍ਹਾਂ ਇਸ ਦਾ ਪ੍ਰਬੰਧ ਕਰ ਲਵਾਂਗੇ!

ਬਾਬਾ : ਠੀਕ ਹੈ। ਤਿਆਰੀਆਂ ਹੁਣੇ ਤੋਂ ਸ਼ੁਰੂ ਕਰ ਦਿਉ। ਭੋਲੇ ਸ਼ੰਕਰ ਤੁਹਾਡੇ ਨਾਲ ਹਨ।

ਚੇਲਾ : ਬੋਲੋ ਰਾਧੇਸ਼ਾਮ ਬਾਬਾ ਦੀ ਜੈ **(ਸਾਰੇ ਇਕੱਠੇ)**

ਸ਼੍ਰੀ ਗੋਪਾਲ ਕ੍ਰਿਸ਼ਨ ਦੀ ਜੈ..

ਭੋਲੇਸ਼ੰਕਰ ਦੀ ਜੈ...

**## ਧੁਨੀ ਪ੍ਰਭਾਵ.. ਭਜਨ- ਗੀਤ ##**

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

**(ਸੁਰਿੰਦਰ ਦਾ ਘਰ.. ਸੁਰਿੰਦਰ ਆਪਣੀ ਪਤਨੀ ਸੁਨੀਤਾ ਨਾਲ ਗੱਲ ਕਰ ਰਿਹਾ ਹੈ, ਜਿਹੜੀ ਰਸੋਈ 'ਚ ਕੰਮ ਕਰ ਰਹੀ ਹੈ)**

ਸੁਰਿੰਦਰ : ਸੁਨੀਤਾ.. ਓ.. ਸੁਨੀਤਾ! ਮੈਂ ਇੱਥੇ ਇਹ 200 ਰੁਪਏ ਰੱਖ ਰਿਹਾ ਹਾਂ। ਜੇਕਰ ਮਹੀਪਾਲ ਆਏ ਤਾਂ ਉਸ ਨੂੰ ਦੇ ਦੇਣਾ।

ਸੁਨੀਤਾ : ਕੀ ਤੁਸੀਂ ਉਸ ਤੋਂ ਉਧਾਰ ਲਏ ਸੀ?

ਸੁਰਿੰਦਰ : ਨਹੀਂ ਸੁਨੀਤਾ ਮੈਂ ਕਿਸੇ ਤੋਂ ਕੋਈ ਉਧਾਰ-ਅਧੂਰ ਨਹੀਂ ਲਿਆ! ਇਹ ਤਾਂ ਕਿਸੇ ਸਮੂਹਿਕ ਕੰਮ ਦੇ ਲਈ ਯੋਗਦਾਨ ਦੇ ਵਾਸਤੇ ਹਨ।

ਸੁਨੀਤਾ : ਕਿਹੜਾ ਯੋਗਦਾਨ? ਮੈਂ ਸਮਝੀ ਨਹੀਂ।

ਸੁਰਿੰਦਰ : ਸੁਨੀਤਾ ਤੂੰ ਭੁੱਲ ਗਈ! ਕੱਲ੍ਹ ਹੀ ਤਾਂ ਮੈਂ ਦੱਸਿਆ ਸੀ।

ਸੁਨੀਤਾ : ਅੱਛਾ! ਮੰਦਿਰ 'ਚ ਆਏ ਹੋਏ ਬਾਬੇ ਦੇ ਲਈ।

ਸੁਰਿੰਦਰ : ਹਾਂ..............

ਸੁਨਿਤਾ : ਹਾਂ.. ਇਹ ਕਿਉਂ? ਤੁਹਾਨੂੰ ਪਤਾ ਹੀ ਹੋਵੇਗਾ ਕਿ ਘਰ ਕਿਵੇਂ ਚਲਦਾ ਹੈ। ਸਾਡੇ ਕੋਲ ਫਾਲਤੂ ਪੈਸੇ ਨਹੀਂ ਹਨ। ਜੇਕਰ ਇਹੀ ਸਥਿਤੀ ਰਹੀ ਤਾਂ ਘਰ ਚਲਾਉਣਾ ਵੀ ਮੁਸ਼ਕਿਲ ਹੋ ਜਾਵੇਗਾ, ਪਹਿਲਾਂ ਹੀ ਘਰ ਵਿੱਚ ਤਾਂ ਭੰਗ ਭੁੱਜਦੀ ਹੈ!

ਸੁਰਿੰਦਰ : ਹਾਂ ਸੁਨੀਤਾ, ਮੈਂ ਜਾਣਦਾ ਹਾਂ ਪਰ ਇਹ ਸਭ ਮੈਂ ਸਥਿਤੀ ਨੂੰ ਸੁਧਾਰਨ ਲਈ ਹੀ ਤਾਂ ਕਰ ਰਿਹਾ ਹਾਂ।

ਸੁਨੀਤਾ : **(ਗੁੱਸੇ 'ਚ)** ਇਸ ਨਾਲ ਸਾਡੀ ਸਥਿਤੀ ਸੁਧਰਨ ਵਾਲੀ ਨਹੀਂ ਹੈ। ਹਾਂ, ਇਸ ਨਾਲ ਉਹ ਬਾਬਾ ਦੀ ਸਥਿਤੀ ਜ਼ਰੂਰ ਸੁਧਰ ਜਾਵੇਗੀ।

ਸੁਰਿੰਦਰ : **(ਤੇਜ਼ ਅਵਾਜ਼ 'ਚ)** ਸੁਨੀਤਾ! ਤੁਸੀਂ ਬਾਬਾ ਜੀ ਦੇ ਬਾਰੇ ਕੀ ਕਿਹਾ? ਰਾਧੇਸ਼ਾਮ ਬਾਬਾ, ਸਭ ਜਾਣਦੇ ਹਨ। ਉਹ ਅੰਤਰਯਾਮੀ ਹਨ। ਇਹ ਸਾਰਾ ਉਨ੍ਹਾਂ ਨੇ, ਉਸ ਸਮੇਂ ਸੁਝਾਇਆ ਹੈ ਜਦੋਂ ਮੈਂ ਆਪਣੀ ਸਮੱਸਿਆ ਨੂੰ ਉਨ੍ਹਾਂ ਦੇ ਸਾਹਮਣੇ ਰੱਖਿਆ। ਉਹ ਮੈਨੂੰ ਅਣਸੁਣਾ ਕਰ ਸਕਦੇ ਸਨ।

ਸੁਨੀਤਾ : ਅਣਸੁਣਾ ਕਿਉਂ ਕਰਦੇ? ਇਹ ਤਾਂ ਉਨ੍ਹਾਂ ਲਈ ਸੁਨਿਹਰਾ ਮੌਕਾ ਸੀ। ਪੈਸੇ ਜੋ ਲੁੱਟਣੇ ਸੀ।

ਸੁਰਿੰਦਰ : **(ਗੁੱਸੇ ਨਾਲ)** ਸੁਨੀਤਾ! ਬਹੁਤ ਹੋਇਆ ਹੁਣ ਬਾਬਾ ਜੀ ਦੇ ਵਿਰੁੱਧ ਹੋਰ ਕੁਝ ਨਹੀਂ। ਮੈਂ ਰਾਧੇਸ਼ਾਮ ਬਾਬਾ ਦੇ ਵਿਰੁੱਧ ਹੋਰ ਕੁਝ ਨਹੀਂ ਸੁਣਨਾ ਚਾਹੁੰਦਾ।

(ਪ੍ਰਤਾਪ ਦਾ ਸੁਰਿੰਦਰ ਦੇ ਘਰ ਪ੍ਰਵੇਸ਼)

ਪ੍ਰਤਾਪ : ਹੈਲੋ ਦੋਸਤ! ਕਿਵੇਂ ਹੋ?

ਸੁਰਿੰਦਰ : **(ਹੈਰਾਨੀ ਨਾਲ)** ਓ ਪ੍ਰਤਾਪ ਤੁਸੀਂ?

ਪ੍ਰਤਾਪ : ਕੀ ਚੱਲ ਰਿਹਾ ਹੈ? ਸੁਰਿੰਦਰ ਮੈਂ ਨੇੜੇ ਹੀ ਗੁਜ਼ਰ ਰਿਹਾ ਸੀ ਅਤੇ ਜਦੋਂ ਤੁਹਾਡੀ ਅਵਾਜ਼ ਸੁਣੀ ਬਸ! ਚਲਿਆ ਆਇਆ। ਕੀ ਚੱਲ ਰਿਹਾ ਹੈ? ਐਨਾ ਗੁੱਸਾ!

ਸੁਰਿੰਦਰ : ਨਹੀਂ ਅਜਿਹਾ ਕੁੱਝ ਨਹੀਂ, ਗੁੱਸੇ ਗਾਸੇ ਵਾਲੀ ਕੋਈ ਗੱਲ ਨਹੀਂ!

ਪ੍ਰਤਾਪ : ਕੀ ਭਾਬੀ ਜੀ 'ਤੇ ਗੁੱਸਾ ਕਰ ਰਹੇ ਸੀ? ਭਾਬੀ! ਕੀ ਹੋਇਆ? ਸਭ ਕੁਝ ਠੀਕ ਤਾਂ ਹੈ।

ਸੁਨੀਤਾ : ਕੋਈ ਖ਼ਾਸ ਗੱਲ ਨਹੀਂ। ਵੀਰ ਜੀ ਬੈਠੋ। ਮੈਂ ਹੁਣੇ ਚਾਹ ਬਣਾ ਕੇ ਲਿਆਈ।

ਪ੍ਰਤਾਪ : ਠੀਕ ਹੈ ਸੁਰਿੰਦਰ। ਹੁਣ ਦੱਸੋ ਕੀ ਗੱਲ ਹੈ?

ਸੁਰਿੰਦਰ : ਕੋਈ ਵਿਸ਼ੇਸ਼ ਗੱਲ ਨਹੀਂ ਪ੍ਰਤਾਪ?

ਪ੍ਰਤਾਪ : ਤੇਰੇ ਚਿਹਰੇ ਤੋਂ ਤਾਂ ਸਾਫ ਝਲਕਦਾ ਹੈ ਕਿ ਸਭ ਕੁਝ ਠੀਕ ਨਹੀਂ ਹੈ।

ਸੁਰਿੰਦਰ : ਪ੍ਰਤਾਪ! ਮੈਂ ਤਾਂ ਬੱਸ ਆਪਣੇ ਯੋਗਦਾਨ ਦੀ ਗੱਲ ਕਰ ਰਿਹਾ ਸੀ।

ਪ੍ਰਤਾਪ : ਕਿਹੜਾ ਯੋਗਦਾਨ?

ਸੁਰਿੰਦਰ : ਯੋਗਦਾਨ, ਤਾਂ ਕਿ ਚੰਗੀ ਵਰਖਾ ਹੋ ਸਕੇ।

ਪ੍ਰਤਾਪ : **(ਹੱਸਦਾ ਹੈ)** ਸੁਰਿੰਦਰ! ਕਿਉਂ ਮਜ਼ਾਕ ਕਰ ਰਹੇ ਹੋ?

ਸੁਰਿੰਦਰ : ਨਹੀਂ ਪ੍ਰਤਾਪ ਮੈਂ ਠੀਕ ਕਿਹਾ। ਰਾਧੇ ਬਾਬਾ ਦੱਸ ਰਹੇ ਸਨ ਕਿ ਚੰਗੀ ਵਰਖਾ ਦੇ ਲਈ ਯੋਗਦਾਨ ਜ਼ਰੂਰੀ ਹੈ।

ਪ੍ਰਤਾਪ : ਤੇ ਤੂੰ ਉਸ 'ਤੇ ਵਿਸ਼ਵਾਸ ਕਰ ਲਿਆ। ਕੀ ਮਜ਼ਾਕ ਹੈ?

ਸੁਰਿੰਦਰ : ਹਾਂ! ਪਰ ਪ੍ਰਤਾਪ, ਮੈਂ ਹੀ ਨਹੀਂ, ਉੱਥੇ ਜਿੰਨੇ ਵੀ ਲੋਕ ਸਨ, ਉਨ੍ਹਾਂ ਨੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਤੂੰ ਇਸ ਕਰਾਮਾਤੀ ਗੱਲ ਨੂੰ ਮਜ਼ਾਕ ਦੱਸ ਰਿਹਾ ਹੈਂ!

ਪ੍ਰਤਾਪ : ਮਜ਼ਾਕ ਨਹੀਂ ਤਾਂ ਹੋਰ ਕੀ ਕਹਾਂ ਇਸ ਪਾਖੰਡ ਨੂੰ? ਇਸ ਨਾਲ ਕੋਈ ਵਰਖਾ ਵੂਰਖਾ ਨਹੀਂ ਹੋਣ ਵਾਲੀ। ਤੁਹਾਡਾ ਸਾਰਾ ਪੈਸਾ ਉਹ ਪਾਖੰਡੀ ਬਾਬਾ ਹੜੱਪ ਜਾਵੇਗਾ। ਜਿਹੜਾ ਤੁਹਾਡਾ ਹੈ ਉਸ ਦਾ ਹੋਇਆ ਸਮਝੋ....।

ਸੁਰਿੰਦਰ : ਪ੍ਰਤਾਪ ਵੀਰ ਤੁਸੀਂ ਵੀ ਸੁਨੀਤਾ ਦੀ ਹੀ ਹਾਂ 'ਚ ਹਾਂ ਮਿਲਾ ਰਹੇ ਹੋ!

ਪ੍ਰਤਾਪ : ਚੰਗਾ! ਇਹ ਦੱਸ, ਭਲਾ ਮੈ ਇਸ 'ਚ ਗ਼ਲਤ ਕੀ ਕਿਹਾ ਹੈ? ਧਿਆਨ ਨਾਲ ਸੁਣ! ਕੋਈ ਬਾਬਾ ਵਰਖਾ ਨਹੀਂ ਕਰਵਾ ਸਕਦਾ। ਤੁਸੀਂ ਉਸ ਰਾਧੇ ਬਾਬਾ ਦੇ ਚੇਲੇ ਹੋ ਸਕਦੇ ਹੋ, ਪਰ ਤੱਥਾਂ ਤੇ ਤਾਂ ਨਜਰ ਮਾਰੋ ਜਰਾ! ਐਵੇਂ ਅੱਖਾਂ ਬੰਦ ਕਰਕੇ ਪਿਛਲੱਗ ਤਾਂ ਨਾ ਬਣੀ ਜਾਓ ਵਿਗਿਆਨ ਦੇ ਇਸ ਯੁਗ ਵਿੱਚ ਵੀ!

ਸੁਰਿੰਦਰ : ਕਿਉਂ?

ਪ੍ਰਤਾਪ : (ਹੱਸਦੇ ਹੋਏ) ਸਿੱਧਾ ਜਿਹਾ ਉੱਤਰ ਹੈ। ਮੈਂ ਇਕ ਮੌਸਮ ਵਿਗਿਆਨੀ ਹਾਂ ਮੈਂ ਇਹ ਸਭ ਪੜ੍ਹਿਆ ਹੈ ਅਤੇ ਖੋਜ ਕੀਤੀ ਹੈ। ਮੈਂ ਜਾਣਦਾ ਹਾਂ ਚੰਗੇ ਮੀਂਹ ਦੇ ਕੀ ਕਾਰਕ ਹਨ ਅਤੇ ਸੋਕਾ ਪੈਣ ਦੇ ਪਿੱਛੇ ਕਿਹੜੇ ਵਿਗਿਆਨਕ ਵਰਤਾਰੇ ਜ਼ਿੰਮੇਵਾਰ ਹਨ? ਤੁਹਾਡਾ ਬਾਬਾ, ਇਸ ਬਾਰੇ ਕੁਝ ਨਹੀਂ ਕਰ ਸਕਦਾ। ਉਹ ਸਾਰੇ ਪਿੰਡ ਵਾਲਿਆਂ ਨੂੰ ਮੂਰਖ ਬਣਾ ਰਿਹਾ ਹੈ।

**## ਧੁਨੀ ਪ੍ਰਭਾਵ ##**

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਸੁਨੀਤਾ ਚਾਹ ਲੈ ਕੇ ਆਉਂਦੀ ਹੈ, ਸਾਰੇ ਚਾਹ ਪੀਣ ਲੱਗਦੇ ਹਨ ਤੇ ਗੱਲਾਂ ਬਾਤਾਂ ਵੀ ਕਰਦੇ ਹਨ)**

ਸੁਨੀਤਾ : ਵੀਰ ਜੀ! ਆਹ ਲਓ ਚਾਹ ਪੀਓ!

**## ਧੁਨੀ ਪ੍ਰਭਾਵ ਚਾਹ, ਕੱਪ, ਪਲੇਟ ਆਦਿ ##**

ਪ੍ਰਤਾਪ : ਭਾਬੀ ਜੀ! ਆਹ ਸੁਰਿੰਦਰ ਹੋਰੀਂ ਕੀ ਕਰ ਰਹੇ ਹਨ ? ਕਿਉਂ ਫਸੇ ਨੇ ਅੰਧ ਵਿਸ਼ਵਾਸ਼ ਵਿੱਚ?

ਸੁਨੀਤਾ : ਭਾਈ ਸਾਹਿਬ! ਤੁਸੀਂ ਬਿਲਕੁਲ ਸਹੀ ਹੋ! ਮੈਂ ਵੀ ਤਾਂ ਇਨ੍ਹਾਂ ਨੂੰ ਇਹੀ ਕਿਹਾ ਹੈ! ਪਰ ਇਹ ਤਾਂ ਸਚਾਈ ਸੁਣਨ ਨੂੰ ਤਿਆਰ ਹੀ ਨਹੀਂ!

ਸੁਰਿੰਦਰ : ਓਹੋ! ਹੁਣ ਮੈਂ ਕੀ ਆਖ ਸਕਦਾ ਹਾਂ? ਮੇਰੀ ਤਾਂ ਤੁਹਾਡੇ ਦੋਵਾਂ ਅੱਗੇ ਇਹੀ ਬੇਨਤੀ ਹੈ ਕਿ ਸਾਰੇ ਪਿੰਡ ਵਾਲਿਆਂ ਨੂੰ ਸਮਝਾਉ। ਜੇਕਰ ਸਾਰੇ ਲੋਕ ਇਸ ਹਵਨ ਦੇ ਲਈ ਆਪਣਾ ਸਹਿਯੋਗ ਦਿੰਦੇ ਹਨ ਤਾਂ ਸਾਡੇ ਲਈ ਜਵਾਬ ਦੇਣਾ ਠੀਕ ਨਹੀਂ ਹੋਵੇਗਾ।

ਪ੍ਰਤਾਪ : ਸੁਰਿੰਦਰ! ਧਿਆਨ ਨਾਲ ਮੇਰੀ ਗੱਲ ਸੁਣ… ਉਮੀਦ ਕਰਦਾ ਹਾਂ ਕਿ ਤੁਸੀਂ ਖ਼ੁਦ ਇਸ ਬਾਰੇ ਗੰਭੀਰਤਾ ਨਾਲ ਸੋਚੋਗੇ। ਵੇਖੋ.. ਮੀਂਹ ਦਾ ਦੇਰ ਨਾਲ ਆਉਣਾ ਕਿਸੇ ਬਦਸ਼ਗਣੀ ਜਾਂ ਫਿਰ ਦੇਵਤਿਆਂ ਦੇ ਪ੍ਰਕੋਪ ਨਾਲ ਸਬੰਧਿਤ ਨਹੀਂ ਹੈ.. ਵਰਖਾ ਦਾ ਹੋਣਾ ਕਈ ਕੁਦਰਤੀ ਕਾਰਕਾਂ ਨਾਲ ਜੁੜਿਆ ਹੋਇਆ ਹੁੰਦਾ ਹੈ ਜਿਵੇਂ ਕਿ ਹਵਾ ਦਾ ਦਬਾਅ, ਹਿਮਾਲਿਆ 'ਤੇ ਬਰਫ਼ ਦਾ ਡਿੱਗਣਾ, ਹਵਾ 'ਚ ਨਮੀ ਦਾ ਮਾਤਰਾ, ਮਹਾਂਸਾਗਰਾਂ ਦੇ ਪਾਣੀ ਦਾ ਤਾਪਮਾਨ ਆਦਿ।

ਸੁਨੀਤਾ : ਪਰ ਮੇਰੇ ਪਤੀ ਦੇਵ ਤਾਂ ਬਾਬੇ ਦੇ ਕਹੇ ਦੇ ਪਿਛੇ ਲੱਗ ਕੇ ਇਸ ਵਰਤਾਰੇ ਨੂੰ ਦੇਵੀ ਦੇਤਿਆਂ ਦੀ ਕਰੋਪੀ ਦੱਸ ਰਹੇ ਹਨ!

ਪ੍ਰਤਾਪ : ਦਰਅਸਲ ਇਹ ਕੋਈ ਦੇਵੀ ਦੇਵਤਿਆਂ ਦੀ ਕਰੋਪੀ ਨਹੀਂ ਪਰ ਇਹ ਇੱਕ ਕੁਦਰਤ ਵਰਤਾਰਾ ਹੈ ਅਤੇ ਕੁਦਰਤ ਦਾ ਜਲ ਚੱਕਰ ਇਸ ਦੇ ਪਿਛੇ ਹੈ!

ਸੁਰਿੰਦਰ : ਪਰ ਇਸ ਵਰ੍ਹੇ ਇਸ ਕੁਦਰਤੀ ਜਲ ਚੱਕਰ ਵਿੱਚ ਵਰਖਾ ਦਾ ਪੜਾਅ ਅਜੇ ਤੱਕ ਵੀ ਕਿਉਂ ਨਹੀਂ ਆ ਰਿਹਾ?

ਪ੍ਰਤਾਪ : ਇਸ ਜਲ ਚੱਕਰ ਦੀ ਚਾਲ ਦੇ ਪਿੱਛੇ ਕਈ ਕਾਰਕ ਹਨ! ਜੇਕਰ ਕਿਸੇ ਇਕ ਵੀ ਕਾਰਕ 'ਚ ਵੱਡਾ ਬਦਲਾਅ ਹੁੰਦਾ ਹੈ ਤਾਂ ਵਰਖਾ ਚੱਕਰ ਅਤੇ ਮੌਨਸੂਨ 'ਚ ਪਰਿਵਰਤਨ ਵੇਖਿਆ ਜਾ ਸਕਦਾ ਹੈ। ਵਿਗਿਆਨੀ ਨਿਰੰਤਰ ਇਸ ਪ੍ਰਕਿਰਿਆ 'ਤੇ ਨਜ਼ਰ ਰੱਖਦੇ ਹਨ।

ਸੁਨੀਤਾ : ਤਾਂ ਹੀ ਤਾਂ ਵਿਗਿਆਨੀ ਮੌਸਮ ਬਾਬਤ ਭਵਿੱਖਬਾਣੀ ਕਰਦੇ ਰਹਿੰਦੇ ਹਨ!

ਸੁਰਿੰਦਰ : ਚੰਗਾ ਤਾਂ ਫਿਰ ਵਿਗਿਆਨੀ ਵਰਖਾ ਕਿਉਂ ਨਹੀਂ ਕਰਵਾਉਂਦੇ?

ਸੁਨੀਤਾ : ਇਸਦਾ ਜਵਾਬ ਤਾਂ ਸਾਡੇ ਵਿਗਿਆਨੀ ਭਾਈ ਸਾਹਿਬ ਚੰਗੀ ਤਰ੍ਹਾਂ ਦੇ ਦੇਣਗੇ! ਸਭ ਕੁਝ ਸਮਝਾ ਦੇਣਗੇ। ਉਹ ਤਾਂ ਖੁਦ ਮੌਸਮ ਵਿਭਾਗ ਵਿੱਚ ਕੰਮ ਕਰਦੇ ਹਨ।

ਪ੍ਰਤਾਪ : ਹਾਂ! ਠੀਕ ਹੈ! ਮੈਂ ਤੁਹਾਨੂੰ ਇਸ ਘਟਣਾ ਕ੍ਰਮ ਦੇ ਪਿਛੇ ਕੰਮ ਕਰਦੇ ਕਾਰਕਾਂ, ਵਿਗਿਆਨ ਤੇ ਵਿਗਿਆਨ ਦੇ ਨਿਯਮਾਂ ਬਾਬਤ ਦਸਦਾ ਹਾਂ!

ਸੁਰਿੰਦਰ : ਦੱਸੋ ਨਾ! ਦੇਰੀ ਕਿਉਂ? ਅਸੀਂ ਤਾਂ ਹਵਨ ਵਾਸਤੇ ਤਿਆਰੀ ਵੀ ਕਰਨੀ ਹੈ।

ਪ੍ਰਤਾਪ : ਸੁਰਿੰਦਰ ਚਿੰਤਾ ਨਾ ਕਰੋ! ਮੈਂ ਸਭ ਕੁਝ ਵਿਸਤਾਰ, ਤੱਥ ਅਤੇ ਦਲੀਲ ਨਾਲ ਬਿਆਨ ਕਰਾਂਗਾ! ਧਿਆਨ ਨਾਲ ਸੁਣੋ...

ਸੁਨੀਤਾ : ਵੇਖਿਆ! ਭਾਈ ਸਾਹਿਬ ਨੇ ਕਿਵੇਂ ਖੋਲ੍ਹ ਦਿੱਤੀ ਹੈ ਪੋਲ ਉਸ ਬਾਬੇ ਦੀ ! ਅਜੇ ਵੀ ਕੋਈ ਕਸਰ ਬਾਕੀ ਹੈ?

ਸੁਰਿੰਦਰ : ਭਾਗਮਾਨੇ! ਮੇਰੇ ਇਕੱਲੇ ਦੇ ਮੰਨਣ ਨਾਲ ਕੀ ਫਰਕ ਪਏਗਾ? ਗੱਲ ਤਾਂ ਉਸ ਲੁਕਾਈ ਦੀ ਹੈ ਜਿਸ ਵਿੱਚ ਅਨਪੜ੍ਹ ਤਾਂ ਕੀ ਪੜ੍ਹੇ ਲਿਖੇ ਵੀ ਬਾਬੇ ਦੇ ਪਿੱਛੇ ਲੱਗੇ ਫਿਰਦੇ ਨੇ!

ਸੁਨੀਤਾ : ਤਾਂ ਕੀ ਤੁਸੀਂ ਵੀ ਸਾਰਾ ਕੁੱਝ ਸਮਝ-ਬੁੱਝ ਕੇ ਉਸੇ ਭੀੜ ਤੰਤਰ ਦਾ ਹਿਸਾ ਬਣੇ ਰਹੋਗੇ?

ਸੁਰਿੰਦਰ : ਵੇਖ ਭਾਗਮਾਨੇ! ਮੈਂ ਪਹਿਲਾਂ ਹੀ ਕਹਿ ਚੁਕਿਆ ਹਾਂ ਕਿ ਸਾਨੂੰ ਉਸ ਲੁਕਾਈ ਨੂੰ ਵੀ ਇਹ ਵਿਗਿਆਨਕ ਵਰਤਾਰੇ ਬਾਬਤ ਸੋਝੀ ਦੇਣੀ ਪਵੇਗੀ! ਨਹੀਂ ਤਾਂ ਮੇਰੇ ਪਿੱਛੇ ਹਟ ਜਾਣ 'ਤੇ ਵੀ ਉਹ ਬਾਬੇ ਦੇ ਚੱਕਰ ਵਿੱਚ ਫਸੇ ਹੀ ਰਹਿਣਗੇ!

ਪ੍ਰਤਾਪ : ਹਾਂ! ਇਹ ਗੱਲ ਤਾਂ ਤੇਰੀ ਸੋਲਾ ਆਨੇ ਸਹੀ ਹੈ ਸੁਰਿੰਦਰ! ਚਲੋ ਆਪਾਂ ਲੋਕਾਂ ਵਿੱਚ ਜਾ ਕੇ ਇਹ ਗੱਲ ਤੋਰ ਲੈਂਦੇ ਹਾਂ!

ਸੁਰਿੰਦਰ : ਹਾਂ! ਚਲੋ! ਪਹਿਲਾਂ ਆਪਾਂ ਔਹ ਚਾਹ ਦੀ ਦੁਕਾਨ 'ਤੇ ਚੱਲ ਕੇ ਸ਼ੁਰੂਆਤ ਕਰਦੇ ਹਾਂ, ਉਥੇ ਮਹੀਪਾਲ ਜੋ ਇਸ ਦਾ ਮੋਢੀ ਹੈ ਵੀ ਮਿਲ ਜਾਵੇਗਾ!

ਸੁਨੀਤਾ : ਮੈਂ ਵੀ ਚਲਦੀ ਹਾਂ ਨਾਲ ਤੁਹਾਡੇ! ਅੱਧੀ ਆਬਾਦੀ ਤਾਂ ਔਰਤਾਂ ਦੀ ਹੈ! ਉਨ੍ਹਾਂ ਨੂੰ ਵੀ ਸਮਝਣ ਦੀ ਲੋੜ ਹੈ!

ਸਾਰੇ ਜਾਂਦੇ ਹਨ!

## ਧੁਨੀ ਪ੍ਰਭਾਵ ##

……ਦ੍ਰਿਸ਼ ਬਦਲਾਅ ਸੰਗੀਤ……

……ਦ੍ਰਿਸ਼ ਤੀਜਾ……

(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)

(ਪਿੰਡ 'ਚ ਚਾਹ ਦੀ ਦੁਕਾਨ... ਭਾਂਡੇ, ਗੈਸ, ਕੁੱਕਰ, ਰੇਡੀਓ 'ਤੇ ਗਾਣੇ ਚੱਲ ਰਹੇ ਹਨ। ਲੋਕਾਂ ਦੀ ਆਪਸੀ ਚਰਚਾ...)

ਪ੍ਰਤਾਪ : ਵਾਹ! ਆਹ ਤਾਂ ਮਹੀਪਾਲ ਜੀ ਵੀ ਖੜੇ ਹਨ! ਸਤਿ ਸ਼੍ਰੀ ਅਕਾਲ ਮਹੀਪਾਲ ਜੀ, ਕਿਵੇਂ ਹੋ?

ਮਹੀਪਾਲ : ਸਾਹਿਬ ਸਭ ਠੀਕ ਹੈ।

ਪ੍ਰਤਾਪ : ਮਹੀਪਾਲ! ਮੈਂ ਤੁਹਾਨੂੰ ਹੀ ਵੇਖ ਰਿਹਾ ਸੀ।

ਮਹੀਪਾਲ : (ਹੈਰਾਨੀ ਨਾਲ) ਮੈਨੂੰ! ਕੀ ਗੱਲ ਹੈ?

ਪ੍ਰਤਾਪ : ਹਾਂ

ਮਹੀਪਾਲ : ਪਰ ਕਿਉਂ?

ਪ੍ਰਤਾਪ : (ਹੱਸਦੇ ਹੋਏ) ਅਸਲ 'ਚ, ਮੈਂ ਵੀ ਹਵਨ ਮੰਤਰ ਦੇ ਲਈ ਆਪਣਾ ਸਹਿਯੋਗ ਕਰਨਾ ਚਾਹੁੰਦਾ ਹਾਂ। ਪਿੰਡ ਵਾਲੇ ਦੱਸ ਰਹੇ ਸਨ ਕਿ ਇਹ ਸਾਰੀ ਜ਼ਿੰਮੇਵਾਰੀ ਬਾਬਾ ਨੇ ਤੁਹਾਨੂੰ ਦਿੱਤੀ ਹੈ?

ਮਹੀਪਾਲ : ਹਾਂ ਸਾਹਿਬ ਪਰ ਮੈਂ ਪੈਸੇ ਅਤੇ ਦੂਸਰੀ ਸਮੱਗਰੀ ਅਜੇ ਇਕੱਠੀ ਕਰਨੀ ਸ਼ੁਰੂ ਨਹੀਂ ਕੀਤੀ। ਤੁਸੀਂ ਪਹਿਲੇ ਵਿਅਕਤੀ ਹੋ। ਮੈਂ ਤੁਹਾਡੇ ਕੋਲੋਂ ਹੀ ਸ਼ੁਰੂ ਕਰਦਾ ਹਾਂ। ਇਹ ਠੀਕ ਰਹੇਗਾ।

ਪ੍ਰਤਾਪ : ਮਹੀਪਾਲ ਸੁਣੋ! ਅਜੇ ਤੁਸੀਂ ਇਸ ਕੰਮ ਨੂੰ ਸ਼ੁਰੂ ਨਹੀਂ ਕੀਤਾ ਤਾਂ ਹੋਰ ਵੀ ਠੀਕ ਹੈ! ਮੇਰਾ ਇਕ ਸੁਝਾਅ ਹੈ। ਇਸ ਨਾਲ ਤੁਹਾਡਾ ਕੰਮ ਵੀ ਅਸਾਨ ਹੋ ਜਾਵੇਗਾ।

ਮਹੀਪਾਲ : ਠੀਕ ਹੈ ਸਾਹਿਬ ਮੈਨੂੰ ਕੀ ਕਰਨਾ ਹੋਵੇਗਾ।

ਪ੍ਰਤਾਪ : ਮਹੀਪਾਲ ਦੋ ਦਿਨਾਂ ਬਾਅਦ ਸਾਰੇ ਪਿੰਡ ਵਾਲਿਆਂ ਨੂੰ ਆਪਣਾ ਸਹਿਯੋਗ ਦੇਣ ਦੇ ਲਈ ਪੰਚਾਇਤੀ ਥਾਂ 'ਤੇ ਬੁਲਾ ਲਉ। ਸਾਰਾ ਪੈਸਾ ਇਕ ਝਟਕੇ 'ਚ ਹੀ ਇਕੱਠਾ ਹੋ ਜਾਵੇਗਾ। ਮੈਂ ਤੁਹਾਡੀ ਮੱਦਦ ਕਰਾਂਗਾ। ਤੁਹਾਨੂੰ ਹਰ ਘਰ ਜਾਣ ਦੀ ਜ਼ਰੂਰਤ ਹੀ ਨਹੀਂ ਪਏਗੀ। ਸਮਝੇ!

ਮਹੀਪਾਲ : ਚੰਗਾ ਸੁਝਾਅ ਮੈਂ ਸਾਰੇ ਪਿੰਡ ਵਾਲਿਆਂ ਨੂੰ ਪੰਚਾਇਤ ਘਰ 'ਚ ਇਕੱਠਾ ਹੋਣ ਦੇ ਲਈ ਬੇਨਤੀ ਕਰਾਂਗਾ।

ਪ੍ਰਤਾਪ : ਮੈਂ ਵੀ ਉੱਥੇ ਹੀ ਪਹੁੰਚ ਜਾਵਾਂਗਾ। ਪਰ ਮੈਂ ਸਾਰੇ ਪਿੰਡ ਵਾਲਿਆਂ ਨਾਲ ਗੱਲ ਕਰਨਾ ਚਾਹੁੰਦਾ ਹਾਂ।

ਮਹੀਪਾਲ : ਠੀਕ ਹੈ ਸਾਹਿਬ! ਚੰਗਾ ਚੱਲਦਾ ਹਾਂ ਰਾਮ ਰਾਮ.........

## ਸੰਗੀਤ ਪਰਿਵਰਤਨ ##

……ਦ੍ਰਿਸ਼ ਬਦਲਾਅ ਸੰਗੀਤ……

……ਦ੍ਰਿਸ਼ ਚੌਥਾ……

(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)

(ਪਿੰਡ ਦਾ ਪੰਚਾਇਤ ਘਰ, ਪੰਚਾਇਤ ਦਾ ਦ੍ਰਿਸ਼, ਲੋਕਾਂ ਦੀ ਚਰਚਾ ਅਤੇ ਗੱਲਬਾਤ ਦਾ ਸ਼ੋਰ, ਬੈਠਕ ਸ਼ੁਰੂ ਹੋਣ ਵਾਲੀ ਹੈ ਅਤੇ ਮਹੀਪਾਲ ਦੀ ਅਵਾਜ਼ ਉਭਰਦੀ ਹੈ)

ਮਹੀਪਾਲ : ਕ੍ਰਿਪਾ ਸ਼ਾਂਤ ਹੋ ਜਾਉ। ਮੇਰੀ ਗੱਲ ਧਿਆਨ ਨਾਲ ਸੁਣੋ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਅਸੀਂ ਪਵਿੱਤਰ ਹਵਨ ਯੱਗ ਦੇ ਲਈ ਇੱਥੇ ਆਏ ਹਾਂ। ਇਸ ਦੇ ਬਾਬਤ ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਇਹ ਯੱਗ-ਹਵਨ, ਅਗਲੇ ਸੋਮਵਾਰ ਨੂੰ ਹੋਣ ਜਾ ਰਿਹਾ ਹੈ। ਇਸ ਨਾਲ ਵਰਖਾ ਆਏਗੀ ਅਤੇ ਬਰਕਤ ਹੋਵੇਗੀ। ਪਰ ਪਹਿਲਾਂ ਪ੍ਰਤਾਪ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ। ਇਸ ਲਈ ਪ੍ਰਤਾਪ ਜੀ ਦਾ ਤਾੜੀਆਂ ਨਾਲ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਮੈਂ ਸੱਦਾ ਦਿੰਦਾ ਹਾਂ।

**## ਧੁਨੀ ਪ੍ਰਭਾਵ ##**

**ਪ੍ਰਤਾਪ** : ਦੋਸਤੋ! ਅੱਜ ਅਸੀਂ ਇਕ ਮਹੱਤਵਪੂਰਨ ਕੰਮ ਦੇ ਲਈ ਇਕੱਠੇ ਹੋਏ ਹਾਂ। ਅਸੀਂ ਪੈਸਾ ਇਕੱਠਾ ਕਰਨਾ ਸ਼ੁਰੂ ਕਰੀਏ ਉਸ ਤੋਂ ਪਹਿਲਾਂ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਜਿਸ ਵਿਸ਼ੇ 'ਤੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ ਉਹ ਹੈ - ਵਰਖਾ, ਜਲ ਚੱਕਰ ਅਤੇ ਮੌਨਸੂਨ..

**ਪਿੰਡ ਵਾਸੀ** 1 : ਅਸੀਂ ਤੁਹਾਡਾ ਭਾਸ਼ਣ ਸੁਣਨ ਦੇ ਲਈ ਨਹੀਂ ਆਏ। ਇਹ ਲਉ ਪੈਸੇ ਅਤੇ ਸਾਨੂੰ ਜਾਣ ਦਿਉ।

**## ਲੋਕਾਂ ਦਾ ਸ਼ੋਰ ##**

**ਪ੍ਰਤਾਪ** : ਹਾਂ ਮੈਂ ਤੁਹਾਡੇ ਨਾਲ ਸਹਿਮਤ ਹਾਂ ਪਰ ਜਦੋਂ ਤੁਸੀਂ ਸਖਤ ਮਿਹਨਤ ਨਾਲ ਆਪਣੀ ਕਮਾਈ ਹੋਈ ਧਨ ਰਾਸ਼ੀ ਦੇ ਰਹੇ ਹੋ ਤਾਂ ਇਸ ਬਾਰੇ ਡੂੰਘਾਈ ਨਾਲ ਸੋਚਣਾ ਵੀ ਜ਼ਰੂਰੀ ਹੋ ਜਾਂਦਾ ਹੈ। ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲਵਾਂਗਾ।

**ਪਿੰਡ ਵਾਸੀ** 2 : ਹਾਂ ਸੁਣਨ ਵਿੱਚ ਕੀ ਹਰਜ ਹੈ?

**ਪਿੰਡ ਵਾਸੀ** 1 : ਚੰਗਾ ਠੀਕ ਹੈ। ਆਪਣੀ ਗੱਲ ਛੇਤੀ ਕਰੋ।

**ਪ੍ਰਤਾਪ** : ਇਕ ਛੋਟਾ ਜਿਹਾ ਸਵਾਲ ਹੈ ਮੇਰਾ! ਆਖਿਰ ਵਰਖਾ ਕਿਉਂ ਹੁੰਦੀ ਹੈ?

**ਸੁਰਿੰਦਰ** : (**ਹੱਸਦੇ ਹੋਏ**) ਇਹ ਕੀ ਪ੍ਰਸ਼ਨ ਹੋਇਆ? ਸੱਭ ਨੂੰ ਪਤਾ ਹੈ ਕਿ ਸੰਘਣੇ ਕਾਲੇ ਬੱਦਲ ਜਦੋਂ ਬਰਸਦੇ ਹਨ ਤਾਂ ਮੀਂਹ ਪੈਂਦਾ ਹੈ।

**ਪ੍ਰਤਾਪ** : ਸਹੀ ਕਿਹਾ ਸੁਰਿੰਦਰ! ਪਰ ਉੱਤਰ ਅਜੇ ਅਧੂਰਾ ਹੈ। ਪ੍ਰਸ਼ਨ ਇਹ ਵੀ ਤਾਂ ਹੈ ਕਿ ਆਖਿਰ ਸੰਘਣੇ ਕਾਲੇ ਬੱਦਲ ਬਣਦੇ ਕਿਵੇਂ ਹਨ। ਕੀ ਬੱਦਲ ਵੀ ਸਾਡੇ ਵਾਂਗ ਇਕੱਠੇ ਹੁੰਦੇ ਹਨ ਜਿਸ ਨਾਲ ਉਹ ਆਪਣਾ ਸਹਿਯੋਗ ਦੇ ਸਕਣ। (**ਸਾਰੇ ਹੱਸਦੇ ਹਨ**) ਪਰ ਅਜਿਹਾ ਨਹੀਂ ਹੈ।

**ਪਿੰਡ ਵਾਸੀ** 1 : ਤਾਂ ਫਿਰ ਸਚਾਈ ਕੀ ਹੈ?

**ਪ੍ਰਤਾਪ** : ਹਾਂ, ਕਾਲੇ ਸੰਘਣੇ ਬੱਦਲ ਆਖਿਰ ਮੌਨਸੂਨ ਦੇ ਮੌਸਮ ਵਿਚ ਹੀ ਕਿਉਂ ਦਿਖਾਈ ਦਿੰਦੇ ਹਨ? ਸਾਲ ਦੇ ਕੁਝ ਵਿਸ਼ੇਸ਼ ਮਹੀਨਿਆਂ ਵਿਚ ਹੀ ਵਰਖਾ ਕਿਉਂ ਹੁੰਦੀ ਹੈ?

**ਪਿੰਡ ਵਾਸੀ** 2 : ਮੀਂਹ ਤਾਂ ਸਾਉਣ ਭਾਦੋਂ 'ਚ ਹੀ ਆਉਂਦਾ ਹੈ। ਮਤਲਬ ਜੂਨ ਤੋਂ ਲੈ ਕੇ ਤੁਸੀਂ ਕਹਿ ਸਕਦੇ ਹੋ ਸਤੰਬਰ ਤੱਕ...

**ਪ੍ਰਤਾਪ** : ਹਾਂ ਸੰਘਣੇ ਕਾਲੇ ਬੱਦਲ ਇਨ੍ਹਾਂ ਮਹੀਨਿਆਂ 'ਚ ਹੀ ਵਿਖਾਈ ਦਿੰਦੇ ਹਨ। ਇਹ ਬੱਦਲ ਦੂਜੇ ਮਹੀਨਿਆਂ 'ਚ ਗਾਇਬ ਰਹਿੰਦੇ ਹਨ।

**ਪਿੰਡ ਵਾਸੀ** 1 : ਹਾਂ ਇਹ ਤਾਂ ਠੀਕ ਹੈ।

ਪ੍ਰਤਾਪ : ਕੀ ਤੁਹਾਨੂੰ ਪਤਾ ਹੈ ਅਜਿਹਾ ਕਿਉਂ ਹੈ? ਸਾਲ ਦੇ ਬਾਕੀ ਮਹੀਨਿਆਂ 'ਚ ਇਹ ਐਨੇ ਸੰਘਣੇ ਬੱਦਲ ਕਿਉਂ ਨਹੀਂ ਵਿਖਾਈ ਦਿੰਦੇ!

## ਕੁਝ ਦੇਰ ਲਈ ਸਾਰੇ ਸ਼ਾਂਤ ##

**ਪਿੰਡ ਵਾਸੀ** 2 : ਹਾਂ! ਇਹ ਵੀ ਸਮਝਣ ਵਾਲੀ ਗੱਲ ਹੈ! ਕਿਉਂ ਹੁੰਦਾ ਹੈ ਇਤਰ੍ਹਾਂ?

**ਬਾਕੀ ਨਗਰ ਨਿਵਾਸੀ** : ਹਾਂ! ਹਾਂ! ਇਹ ਤਾਂ ਕਦੀ ਸੋਚਿਆ ਹੀ ਨਹੀਂ ਕਿਉਂ ਹੁੰਦਾ ਹੈ ਇਤਰ੍ਹਾਂ?

ਸੁਨੀਤਾ : ਔਰਤਾਂ ਵਿੱਚੋਂ ਆਵਾਜ ਚੁੱਕਦੀ ਹੈ! ਸੋਚੋ! ਸੋਚੋ!! ਸੋਚੋ!!! ਇਹ ਸਭ ਕਿਉਂ ਹੈ? ਇਹ ਸਭ ਕਿਉਂ ਹੈ?

ਪ੍ਰਤਾਪ : ਦੱਸਦਾ ਹਾਂ ਮੈਂ ਕਿ ਇਹ ਸਭ ਵਾਪਰਦਾ ਹੈ ਕਿਉਂ ਤੇ ਕਿਵੇਂ?

**ਪਿੰਡ ਵਾਸੀ** : ਗੱਲਾਂ ਤਾਂ ਸਾਹਿਬ ਦੀਆਂ ਸਹੀ ਜਾਪਦੀਆਂ ਹਨ! ਲੱਗਦੀਆਂ ਨੇ ਮਨ ਨੂੰ ਵੀ!

ਪ੍ਰਤਾਪ : ਸੌਣ ਭਾਦੋਂ ਵਿੱਚ ਹੋਣ ਵਾਲੀ ਇਸ ਮੌਸਮੀ ਵਰਖਾ ਨੂੰ ਮੌਨਸੂਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਰਖਾ ਕੁਝ ਨਿਸ਼ਚਿਤ ਮਹੀਨਿਆਂ ਵਿਚ ਹੀ ਹੁੰਦੀ ਹੈ।

ਸੁਨੀਤਾ : ਭਾਈ ਸਾਹਿਬ! ਆਖਿਰ ਇਹ ਕੁਝ ਮਹੀਨਿਆਂ ਵਿਚ ਹੀ ਕਿਉਂ ਹੁੰਦੀ ਹੈ।

ਪ੍ਰਤਾਪ : ਬਹੁਤ ਚੰਗਾ ਸਵਾਲ! ਮੌਨਸੂਨ ਤੇ ਹਵਾਵਾਂ ਦਾ ਇਕ ਚੱਕਰ ਹੈ। ਸਾਲ ਵਿਚ ਇਹ ਆਪਣੀਆਂ ਦਿਸ਼ਾਵਾਂ ਨੂੰ ਦੋ ਵਾਰ ਬਦਲਦਾ ਹੈ। ਛੇ ਮਹੀਨੇ ਇਸ ਦੀਆਂ ਦਿਸ਼ਾਵਾਂ ਉੱਤਰ ਪੂਰਬ ਵੱਲ ਵਹਿੰਦੀਆਂ ਹਨ ਅਤੇ ਛੇ ਮਹੀਨੇ ਦੱਖਣ-ਪੱਛਮ ਵੱਲ ਵਹਿੰਦੀਆਂ ਹਨ। ਭਾਰਤ ਦਾ ਮੌਨਸੂਨ ਚੱਕਰ ਪੂਰੀ ਦੁਨੀਆਂ ਵਿਚ ਵਿਸ਼ੇਸ਼ ਪ੍ਰਕਾਰ ਦਾ ਇਕ ਪ੍ਰਮੁੱਖ ਵਰਖਾ ਚੱਕਰ ਹੈ।

**ਪਿੰਡ ਵਾਸੀ** 1 : ਪਰ ਇਹ ਵਰਖਾ ਕਿਵੇਂ ਕਰਦਾ ਹੈ?

ਪ੍ਰਤਾਪ : ਸਰਦੀ ਦੇ ਮੌਸਮ ਵਿਚ ਇਹ ਉੱਤਰ-ਪੂਰਬ ਦੀ ਦਿਸ਼ਾ 'ਚ ਵਹਿੰਦਾ ਹੈ ਅਤੇ ਗਰਮੀ 'ਚ ਇਸ ਦੀ ਦਿਸ਼ਾ ਬਦਲ ਕੇ ਦੱਖਣ-ਪੱਛਮੀ ਹੋ ਜਾਂਦੀ ਹੈ ਕਿਉਂਕਿ ਗਰਮੀਆਂ ਵਿਚ ਇਹ ਹਵਾਵਾਂ ਸਮੁੰਦਰ ਤੋਂ ਜ਼ਮੀਨ ਵੱਲ ਚੱਲਦੀਆਂ ਹਨ ਜਿਸ ਨਾਲ ਉਹ ਨਮੀ ਆਪਣੇ ਨਾਲ ਲਿਆਉਂਦੀਆਂ ਹਨ ਅਤੇ ਨਮੀ ਨਾਲ ਭਰਪੂਰ ਇਹ ਹਵਾਵਾਂ ਸਾਡੇ ਦੇਸ਼ 'ਚ ਵਰਖਾ ਕਰਦੀਆਂ ਹਨ।

**ਪਿੰਡ ਵਾਸੀ** 2 : (**ਖੰਘਦੇ ਹੋਏ, ਬੁੱਢੀ ਅਵਾਜ਼ 'ਚ**) ਹਾਂ ਬੇਟਾ! ਤੁਸੀਂ ਠੀਕ ਕਿਹਾ ਹੈ, ਗੁਰੂ ਨਾਨਕ ਦੇਵ ਜੀ ਨੇ ਵੀ ਤਾਂ ਫੁਰਮਾਇਆ ਹੈ, '**ਸਾਵਣਿ ਸਰਸ ਮਨਾ ਘਣ ਬਰਸਹਿ ਰੁਤਿ ਆਇ**'! ਪਰ ਇਸ ਵਾਰ ਤਾਂ ਬਹੁਤ ਹੀ ਜਿਆਦਾ ਦੇਰੀ ਹੋ ਗਈ ਹੈ। ਅਸੀਂ ਲੰਮੇ ਸਮੇਂ ਤੋਂ ਮੀਂਹ ਦੀ ਉਡੀਕ ਕਰ ਰਹੇ ਹਾਂ। ਇਹ ਕਿਉਂ?

ਪ੍ਰਤਾਪ : ਹਾਂ ਜੀ। ਤੁਹਾਡੀ ਮਜ਼ਬੂਰੀ ਮੈਂ ਜਾਣਦਾ ਹਾਂ। ਇਸ ਵਾਰ ਦੇਰ ਕਿਉਂ ਹੋਈ ਹੈ ਇਹੀ ਦੱਸਣ ਦੇ ਲਈ ਮੈਂ ਇੱਥੇ ਆਇਆ ਹਾਂ।

**ਪਿੰਡ ਵਾਸੀ** 2 : ਫਿਰ ਤਾਂ ਠੀਕ ਹੈ! ਚੰਗਾ ਚਲੋ ਦਸੋਂ ਕਿ ਇਸ ਦੇਰੀ ਦੇ ਪਿੱਛੇ ਕੀ ਨੇ ਕਾਰਨ!

ਪ੍ਰਤਾਪ : ਸਾਡੇ ਖੇਤਰ 'ਚ ਅਕਾਲ ਦੀ ਸਥਿਤੀ ਬਣੀ ਹੋਈ ਹੈ ਅਤੇ ਉਧਰ ਵੇਖੋ ਰਾਜਸਥਾਨ ਵਿਚ ਹੜ੍ਹ ਆ ਗਿਆ ਹੈ ਉਹ ਵੀ ਰੇਗੀਸਤਾਨ 'ਚ!

ਸੁਰਿੰਦਰ : ਰੇਗੀਸਤਾਨ 'ਚ ਹੜ੍ਹ!

ਪ੍ਰਤਾਪ : ਇਸ ਵਾਰ ਉੱਥੇ ਬਹੁਤ ਵਰਖਾ ਹੋਈ ਹੈ।

ਮਹੀਪਾਲ : ਇਸੇ ਲਈ ਤਾਂ ਬਾਬੇ ਨੇ ਸਾਨੂੰ ਹਵਨ ਪੂਜਨ ਅਤੇ ਮੰਤਰ ਕਰਨ ਦੇ ਲਈ ਕਿਹਾ ਹੈ। ਇਸ ਨਾਲ ਸਾਰੇ ਕਸ਼ਟ ਦੂਰ ਹੋ ਜਾਣਗੇ।

ਪ੍ਰਤਾਪ : **(ਵਿਚ ਹੀ ਟੋਕਦੇ ਹੋਏ)** ਮਹੀਪਾਲ ਜੀ ਜਰਾ ਠੰਢ ਰੱਖੋ ! ਮੈਂ ਆਪਣੀ ਗੱਲ ਖ਼ਤਮ ਕਰ ਰਿਹਾ ਹਾਂ। ਹਾਂ! ਮੈਂ ਵਰਖਾ ਨਾ ਹੋਣ ਦੇ ਪਿੱਛੇ ਕੀ ਕਾਰਨ ਹਨ ਇਸ ਦੀ ਗੱਲ ਕਰ ਰਿਹਾ ਸੀ। ਸ਼ੁਰੂਆਤ ਚੰਗੀ ਹੋਈ ਸੀ ਪਰ ਉਸ ਦੇ ਬਾਅਦ ਤਿੰਨ ਹਫ਼ਤਿਆਂ ਦਾ ਠਹਿਰਾਅ ਜਿਹਾ ਵੇਖ ਰਹੇ ਹਾਂ ਅਸੀਂ....

ਇਕੱਠੇ : ਹਾਂ ਇਹ ਤਾਂ ਠੀਕ ਹੈ!

ਪ੍ਰਤਾਪ : ਕਈ ਵਾਰ ਐਨੀ ਵਰਖਾ ਹੁੰਦੀ ਹੈ ਕਿ ਸਾਰੇ ਖੇਤ ਖਲਿਹਾਨ ਪਾਣੀ ਨਾਲ ਨੱਕੋ ਨੱਕ ਭਰ ਜਾਂਦੇ ਹਨ। ਇਕ ਤਰ੍ਹਾਂ ਦੇ ਨਾਲ ਹੜ੍ਹਾਂ ਵਰਗੀ ਸਥਿਤੀ। ਖੋਜ ਕਰਤਾਵਾਂ ਨੇ ਅਤੇ ਵਿਗਿਆਨੀਆਂ ਨੇ ਸੰਨ 1916 ਤੋਂ ਲੈ ਕੇ 2013 ਦੇ ਵਿਚਕਾਰ ਅੰਕੜਿਆਂ ਦਾ ਅਧਿਐਨ ਕੀਤਾ ਹੈ। ਵੇਖਿਆ ਗਿਆ ਹੈ ਕਿ ਲਗਭਗ 10% ਜ਼ਿਲ੍ਹਿਆਂ 'ਚ ਵਰਖਾ ਦਾ ਪ੍ਰਤੀਸ਼ਤ ਵਧ ਰਿਹਾ ਹੈ। ਉਹੀ ਦੂਜੇ ਪਾਸੇ 15% ਜ਼ਿਲ੍ਹਿਆਂ ਵਿਚ ਔਸਤ ਵਰਖਾ ਘੱਟ ਹੋ ਰਹੀ ਹੈ।

ਪਿੰਡ ਵਾਸੀ 1 : ਕੀ ਸਾਡਾ ਜ਼ਿਲ੍ਹਾ ਉਨ੍ਹਾਂ 15% 'ਚ ਆਉਂਦਾ ਹੈ?

ਪ੍ਰਤਾਪ : ਅੰਕੜੇ ਦੱਸਦੇ ਹਨ ਕਿ ਉੱਤਰ-ਪੂਰਬੀ ਖੇਤਰ ਵਿੱਚ ਜਿੱਥੇ ਉੱਤਰਾਖੰਡ ਪੈਂਦਾ ਹੈ ਉੱਥੇ ਮਈ-ਜੂਨ ਦੇ ਮਹੀਨੇ 'ਚ ਵਰਖਾ ਦਾ ਪ੍ਰਤੀਸ਼ਤ 2% ਤੱਕ ਵਧ ਗਿਆ ਹੈ ਪਰ ਉਹੀ ਦੂਜੇ ਪਾਸੇ ਇਹ ਪ੍ਰਤੀਸ਼ਤ ਜੁਲਾਈ-ਅਗਸਤ ਵਿਚ ਬਹੁਤ ਘਟ ਗਿਆ ਹੈ। ਮੇਰਾ ਮੰਨਣਾ ਹੈ ਕਿ ਮੌਸਮ 'ਚ ਹੋ ਰਹੇ ਬਦਲਾਵਾਂ ਦੇ ਕਾਰਨ ਇਹ ਸਭ ਕੁਝ ਵੇਖਣ ਨੂੰ ਮਿਲ ਰਿਹਾ ਹੈ। ਕਿਤੇ ਸੋਕਾ ਤਾਂ ਕਿਤੇ ਹੜ੍ਹ - ਮਤਲਬ ਨਾਬਰਾਬਰ ਵਰਖਾ!

ਸੁਰਿੰਦਰ : ਪਰ ਸੋਕੇ ਜਾਂ ਫਿਰ ਵਰਖਾ ਦੇ ਇਹ ਦੌਰ ਕਿੰਨੇ ਲੰਬੇ ਖਿੱਚ ਸਕਦੇ ਹਨ?

ਪ੍ਰਤਾਪ : ਹਾਂ। ਤਿੰਨ ਜਾਂ ਇਸ ਤੋਂ ਜ਼ਿਆਦਾ ਦਿਨਾਂ ਤੱਕ ਜੇ ਇੱਕੋ ਸਥਿਤੀ ਬਣੀ ਰਹੀ ਯਾਣੀ ਸੋਕੇ ਦੀ ਜਾਂ ਵਰਖਾ ਦੀ ਤਾਂ ਇਸ ਕਾਲ ਨੂੰ ਸੋਕਾ ਜਾਂ ਜ਼ਿਆਦਾ ਵਰਖਾ ਦੀ ਸਥਿਤੀ ਕਹਿੰਦੇ ਹਨ। ਇਸ ਪ੍ਰਕਾਰ ਦੀ ਸਥਿਤੀ ਮੱਧ ਭਾਰਤ 'ਚ ਜ਼ਿਆਦਾ ਵੇਖਣ ਨੂੰ ਮਿਲਦੀ ਹੈ।

ਮਹੀਪਾਲ : ਆਖਿਰ ਇਨ੍ਹਾਂ ਸਾਰਿਆਂ ਦੇ ਪਿੱਛੇ ਕੀ ਕਾਰਨ ਹਨ?

ਪਿੰਡ ਵਾਸੀ 1 : ਅਤੇ ਸੋਕੇ ਦੀ ਸਥਿਤੀ ਤੋਂ ਬਾਹਰ ਆਉਣ ਦੇ ਲਈ ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ?

**## ਲੋਕ ਇਕ-ਦੂਜੇ ਨਾਲ ਚਰਚਾ ਸ਼ੁਰੂ ਕਰ ਦਿੰਦੇ ਹਨ ##**

ਪ੍ਰਤਾਪ : ਧਿਆਨ ਨਾਲ ਸੁਣੋ। ਮੈਂ ਦੱਸਦਾ ਹਾਂ। ਹੁਣ ਤੱਕ ਤੁਸੀਂ ਸਮਝ ਗਏ ਹੋਵੋਗੇ ਕਿ ਮੀਂਹ ਇਕ ਕੁਦਰਤੀ ਚੱਕਰ ਹੈ ਜਿਹੜਾ ਕਿ ਵਿਸ਼ੇਸ਼ ਪਰਿਸਥਿਤੀਆਂ ਦੁਆਰਾ ਨਿਰਧਾਰਿਤ ਅਤੇ ਨਿਯੰਤਰਿਤ ਹੁੰਦਾ ਹੈ। ਇਨ੍ਹਾਂ ਦਿਨਾਂ 'ਚ ਜ਼ਿਆਦਾ ਵਰਖਾ ਜਾਂ ਫਿਰ ਸੋਕੇ ਦੀਆਂ ਸਥਿਤੀਆਂ ਜ਼ਿਆਦਾ ਵੇਖਣ ਨੂੰ ਮਿਲ ਰਹੀਆਂ ਹਨ। ਮੌਨਸੂਨ ਦਾ ਚੱਕਰ ਬਦਲ ਰਿਹਾ ਹੈ ਅਤੇ ਵਰਖਾ ਦਾ ਸਰੂਪ ਵੀ ਬਦਲ ਰਿਹਾ ਹੈ।

ਮਹੀਪਾਲ : ਪਰ ਕਿਉਂ?

ਪ੍ਰਤਾਪ : ਇਸ ਦਾ ਮੁੱਖ ਕਾਰਨ ਹੈ ਗਲੋਬਲ ਵਾਰਮਿੰਗ ਅਤੇ ਮੌਸਮ 'ਚ ਬਦਲਾਅ। ਕੁਦਰਤ 'ਚ ਹਜ਼ਾਰਾਂ ਕਿਲੋਮੀਟਰ ਦੂਰ ਘਟ ਰਹੀਆਂ ਘਟਨਾਵਾਂ ਸਾਡੇ ਇੱਥੋਂ ਦੇ ਵਰਖਾ ਚੱਕਰ ਨੂੰ ਪ੍ਰਭਾਵਿਤ ਕਰਦੀਆਂ ਹਨ।

ਮਹੀਪਾਲ : ਅੱਛਾ! ਤਾਂ ਸਹੀ ਗੱਲ ਇਹ ਹੈ!

ਪ੍ਰਤਾਪ : ਗਲੋਬਲ ਵਾਰਮਿੰਗ ਦੇ ਨਾਲ-ਨਾਲ ਕਈ ਦੂਜੇ ਕਾਰਕ ਵੀ ਇਸ 'ਚ ਸ਼ਾਮਲ ਹਨ ਜਿਵੇਂ ਕਿ ਅਲ ਨੀਨੋ ਜਿਹੜਾ ਕਿ ਸਾਡੇ ਦੇਸ਼ 'ਚ ਹੋਣ ਵਾਲੀ ਵਰਖਾ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰਦਾ ਹੈ। ਹਿਮਾਲਿਆ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਨਾਲ ਵੀ ਸਾਡੇ ਇੱਥੇ ਹੋਣ ਵਾਲੀ ਵਰਖਾ ਪ੍ਰਭਾਵਿਤ ਹੁੰਦੀ ਹੈ।

ਸੁਰਿੰਦਰ : ਅੱਛਾ ਤਾਂ ਇਹ ਸਾਰੇ ਕਾਰਕ ਮਾਨਸੂਨ ਤੇ ਵੀ ਅਸਰ ਅੰਦਾਜ਼ ਹੁੰਦੇ ਹਨ?

ਪ੍ਰਤਾਪ : ਹਾਂ! ਇਹ ਸਾਰੇ ਕਾਰਨ ਨੇ ਬਦਲਦੇ ਮੌਨਸੂਨ ਚੱਕਰ ਦੇ! ਇਸ ਬਦਲਾਅ ਨਾਲ ਹੜ੍ਹ ਅਤੇ ਸੋਕੇ ਦੀ ਸੰਭਾਵਨਾ ਵਧ ਸਕਦੀ ਹੈ ਪਰ ਯਾਦ ਰੱਖੋ ਕੋਈ ਬਾਬਾ ਇਸ ਸਥਿਤੀ ਨੂੰ ਬਦਲ ਨਹੀਂ ਸਕਦਾ।

ਸੁਨੀਤਾ : ਸਹੀ ਕਿਹਾ ਭਾਈ ਸਾਹਿਬ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਾਬਿਆਂ ਦੀ ਸਹੀ ਦਸ਼ਾ ਦੱਸੀ ਹੈ ਕਿਹਾ ਹੈ,

**"ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ 11**

**ਮਗਰ ਪਾਛੈ ਕਛੁ ਨ ਸੂਝੈ ਇਹੁ ਪਦਮੁ ਅਲੋਅ 11"**

ਮਹੀਪਾਲ : ਪਰ ਮੇਰਾ ਤਾਂ ਉਹੀ ਸਵਾਲ ਹੈ! ਕਰੀਏ ਕੀ?

ਪ੍ਰਤਾਪ : ਹਾਂ! ਕਰਨਾ ਇਹ ਹੈ ਕਿ ਸਥਿਤੀ 'ਚ ਬਦਲਾਅ ਦੇ ਲਈ ਤੁਹਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ ਹੋਣਗੇ। ਬਾਬਿਆਂ ਦੇ ਚੱਕਰ 'ਚ ਸਮਾਂ ਅਤੇ ਪੈਸਾ ਬਰਬਾਦ ਨਾ ਕਰੋ।

ਪਿੰਡ ਵਾਸੀ 2 : ਪਰ ਅਸੀਂ ਕਰ ਕੀ ਸਕਦੇ ਹਾਂ?

ਪ੍ਰਤਾਪ : ਆਪਣੀ ਖੇਤੀ ਦੀ ਯੋਜਨਾ ਨੂੰ ਬਦਲਦੀਆਂ ਪਰਿਸਥਿਤੀਆਂ ਦੇ ਅਨੁਸਾਰ ਬਨਾਉਣਾ ਹੋਵੇਗਾ। ਵਿਗਿਆਨਕ ਵਿਧੀਆਂ ਨੂੰ ਅਪਨਾਉਣਾ ਹੋਵੇਗਾ। ਰੇਡੀਓ ਅਤੇ ਟੀ.ਵੀ. 'ਤੇ ਖੇਤੀ ਵਿਗਿਆਨੀਆਂ ਦੁਆਰਾ ਸੁਝਾਏ ਗਏ ਕਦਮਾਂ 'ਤੇ ਧਿਆਨ ਦੇਣਾ ਅਤੇ ਕੁਦਰਤੀ ਆਫ਼ਤਾਂ ਨਾਲ ਕਿਵੇਂ ਜੂਝਿਆ ਜਾ ਸਕਦਾ ਹੈ ਇਹ ਜਾਨਣਾ ਵੀ ਜ਼ਰੂਰੀ ਹੈ।

ਮਹੀਪਾਲ : ਕੀ ਮਤਲਬ?

ਪ੍ਰਤਾਪ : ਮਤਲਬ ਇਹ ਹੈ ਜਦੋਂ ਚੰਗੀ ਵਰਖਾ ਹੁੰਦੀ ਹੈ ਪਾਣੀ ਦਾ ਸੁਰੱਖਿਅਣ ਕਰੋ। ਅਸੀਂ ਉਪਲਬਧ ਜਲ ਦਾ ਭੰਡਾਰਨ ਵੀ ਸਹੀ ਢੰਗ ਨਾਲ ਨਹੀਂ ਕਰਦੇ। ਚੰਗੇ ਬੀਜਾਂ ਦਾ ਇਸਤੇਮਾਲ ਆਦਿ 'ਤੇ ਧਿਆਨ ਦੇਣਾ ਹੋਵੇਗਾ। ਇਨ੍ਹਾਂ ਬਾਬਿਆਂ ਦੇ ਚੱਕਰਾਂ 'ਤੋਂ ਬਚਣਾ ਹੋਵੇਗਾ!

ਪਿੰਡ ਵਾਸੀ 1 : ਪਰ ਇਹ ਸਭ ਕਿਵੇਂ ਹੋ ਸਕਦਾ ਹੈ?

ਪ੍ਰਤਾਪ : ਇਹ ਉਸੇ ਪ੍ਰਕਾਰ ਨਾਲ ਆਪਣੇ ਸਹਿਯੋਗ ਨਾਲ ਸੰਭਵ ਹੋ ਸਕਦਾ ਹੈ ਜਿਸ ਦੇ ਲਈ ਅਸੀਂ ਸਾਰੇ ਇੱਥੇ ਇਕੱਠੇ ਹੋਏ ਹਾਂ। ਧਨ ਦੀ ਵਰਤੋਂ ਚੰਗੇ ਕੰਮਾਂ ਦੇ ਲਈ ਕਰੋ – ਕੁਦਰਤੀ ਸੁਰੱਖਿਅਣ ਦੇ ਲਈ। ਗਲੋਬਲ ਵਾਰਮਿੰਗ ਅਤੇ ਮੌਸਮ 'ਚ ਹੋ ਰਹੇ ਬਦਲਾਅ ਮਨੁੱਖ ਦੀ ਦੇਣ ਹਨ! ਇਸ ਨੂੰ ਠੀਕ ਕਰਨ ਦੇ ਲਈ ਸਾਨੂੰ ਕਦਮ ਚੁੱਕਣੇ ਚਾਹੀਦੇ ਹਨ।

ਸੁਰਿੰਦਰ : ਮੇਰੇ ਦੋਸਤ ਪ੍ਰਤਾਪ, ਤੁਸੀਂ ਠੀਕ ਕਿਹਾ। ਸਾਨੂੰ ਆਪਣੀਆਂ ਗਤੀਵਿਧੀਆਂ ਨੂੰ ਸੁਧਾਰਨਾ ਹੋਵੇਗਾ। ਸਾਡੀਆਂ ਅੱਖਾਂ ਖੋਲ੍ਹਣ ਦੇ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ! ਅਸੀਂ ਤੁਹਾਡੇ ਨਾਲ ਹਾਂ।

**ਸਾਰੇ** : ਹਾਂ, ਅਸੀਂ ਤੁਹਾਡੇ ਨਾਲ ਹਾਂ।

**ਪਿੰਡ ਵਾਸੀ** 1 : ਬੋਲੋ ਪ੍ਰਤਾਪ ਵੀਰ ਦੀ....

**ਸਾਰੇ ਇਕੱਠੇ** : ਜੈ....

## ਸਾਰੇ ਹੱਸਦੇ ਹਨ ##

### ਧਾਰਾਵਾਹਿਕ ਸੰਗੀਤ ###

---

ਪ੍ਰਸ਼ਨ:

**ਪ੍ਰਸ਼ਨ-1 ਜਲਵਾਯੂ ਬਦਲਾਅ ਦਾ ਵਰਖਾ 'ਤੇ ਕਿਵੇਂ ਪੈਂਦਾ ਹੈ ਪ੍ਰਭਾਵ ?**

ਉੱਤਰ: ਜਲਵਾਯੂ ਬਦਲਾਅ ਨਾਲ ਜਲ ਚੱਕਰ ਬਦਲ ਜਾਂਦਾ ਹੈ ਵਰਖਾ ਜਲ ਥੋੜ੍ਹੇ ਸਮੇ ਵਿੱਚ ਤੇਜੀ ਨਾਲ ਬਰਸ ਜਾਂਦਾ ਹੈ !

**ਪ੍ਰਸ਼ਨ 2: ਵਰਖਾ ਬਾਬਤ ਪਿੰਡ ਵਿੱਚ ਆਏ ਬਾਬੇ ਦੇ ਜਾਲ ਵਿੱਚ ਫਸਣ ਤੋਂ ਲੋਕੀ ਕਿਵੇਂ ਬਚੇ ?**

ਉੱਤਰ: ਕੁੱਝ ਸਮਝਦਾਰ ਲੋਕਾਂ ਵੱਲੋਂ ਵਿਗਿਆਨੀਆਂ ਨੂੰ ਬੁਲਾਉਣ, ਚਰਚਾ ਕਰਵਾਉਣ, ਹੜ੍ਹ ਅਤੇ ਸੋਕੇ ਬਾਬਤ ਵਿਗਿਆਨਿਕ ਨਿਯਮ ਦਸਣ ਨਾਲ !